# ਪੈਗਾਮ

ਅਕਤੂਬਰ 1986 ਕੀਮਤ 2 ਰੁਪਏ


## ਰਾਜਸੀ ਤਾਕਤ ਬੰਦੂਕ ਦੀ ਨਾਲੀ 'ਚੋਂ ਪੈਦਾ ਹੁੰਦੀ ਹੈ...... ......ਪਰ ਬੰਦੂਕ ਪਾਰਟੀ ਦੇ ਅਧੀਨ ਰਹਿਣੀ ਚਾਹੀਦੀ ਹੈ

ਚੀਨੀ ਕਮਿਊਨਿਸਟ ਪਾਰਟੀ ਨੇ ਚੀਨੀ ਕੌਮ ਦੀ ਮੁਕਤੀ ਲਈ ਪੂਰੇ 25 ਵਰ੍ਹੇ ਹਥਿਆਰਬੰਦ ਜੱਦੋਜਹਿਦ ਲੜੀ। ਕਾਮਰੇਡ ਮਾਓ-ਜ਼ੇ-ਤੁੰਗ ਨੇ ਇਸ ਜੱਦੋਜਹਿਦ ਦੌਰਾਨ ਚੀਨੀ ਕਮਿਊਨਿਸਟ ਪਾਰਟੀ ਤੇ ਚੀਨੀ ਕੌਮ ਦੀ ਸਫਲ ਅਗਵਾਈ ਕੀਤੀ—ਨਾ ਸਿਰਫ਼ ਸਿਆਸੀ ਪੱਖ ਤੋਂ ਸਗੋਂ ਫ਼ੌਜੀ-ਯੁੱਧਨੀਤਕ ਪੱਖ ਤੋਂ ਵੀ। ਇਸ ਸਿਰ-ਵੱਢਵੀਂ ਹਥਿਆਰਬੰਦ ਟੱਕਰ ਦੌਰਾਨ ਚੀਨੀ ਕਮਿਊਨਿਸਟ ਪਾਰਟੀ ਨੇ ਮਮੂਲੀ ਜਿਹੀਆਂ ਹਥਿਆਰਬੰਦ ਟੁਕੜੀਆਂ ਤੋਂ ਸ਼ੁਰੂ ਕਰਕੇ ਇੱਕ ਅਤਿਅੰਤ ਤਾਕਤਵਰ ਹਥਿਆਰਬੰਦ ਮੁਕਤੀ ਫ਼ੌਜ ਦੀ ਸਿਰਜਣਾ ਕੀਤੀ ਅਤੇ ਘੋਲ ਦੇ ਅੱਡ-ਅੱਡ ਪੜਾਵਾਂ 'ਤੇ ਰਹਿੰਦੀਆਂ-ਖੁਹਾਉਂਦੀਆਂ ਜ਼ਾਲਮ ਤਾਕਤਾਂ ਦਾ ਸਫਾਇਆ ਕੀਤਾ। ਚੀਨ ਦੇ ਜ਼ਾਲਮ, ਪਿਛਾਖੜੀ ਹੁਕਮਰਾਨ **ਚਿਆਂਗ ਕਾਈ ਸ਼ੇਕ** ਦੀ ਫੌਜ ਉਸ ਮੌਕੇ ਦੁਨੀਆਂ ਦੀ ਸਭ ਤੋਂ ਵੱਡੀ ਫ਼ੌਜ ਸੀ। ਪਰ ਇਹ ਜਾਬਰ ਹਥਿਆਰਬੰਦ ਤਾਕਤ ਮੁਕਤੀ ਫੌਜ ਮੂਹਰੇ ਬਹੁਤੀ ਦੇਰ ਟਿਕੀ ਨਹੀਂ ਰਹਿ ਸਕੀ। ਜਦੋਂ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਜਪਾਨ ਨੇ ਚੀਨ ਉੱਤੇ ਆਪਣੇ ਨਵੀਨ ਹਥਿਆਰਾਂ ਨਾਲ ਲੈੱਸ ਧਾੜਵੀ ਲਸ਼ਕਰ ਚਾੜ੍ਹ ਦਿੱਤੇ ਤਾਂ ਚੀਨੀ ਕਮਿਊਨਿਸਟ ਪਾਰਟੀ ਤੇ ਚੀਨ ਦੀ ਲੋਕ ਮੁਕਤੀ ਫ਼ੌਜ ਇਹਨਾਂ ਸਾਮਰਾਜੀ ਹਮਲਾਵਰਾਂ ਮੂਹਰੇ ਚਟਾਨ ਵਾਂਗ ਡੱਟ ਖਲੋਤੀ ਅਤੇ ਇੱਕ ਲੰਮੀ, ਸਿਰੜੀ ਹਥਿਆਰਬੰਦ ਜੱਦੋ-ਜਹਿਦ ਤੋਂ ਬਾਅਦ ਜਪਾਨੀ ਹਮਲਾਵਰਾਂ ਨੂੰ ਚੀਨ ਦੀ ਧਰਤੀ ਤੋਂ ਬੁਰੀ ਤਰ੍ਹਾਂ ਮਾਰ ਭਜਾਇਆ। ਜਪਾਨ ਦੀ ਹਾਰ ਤੋਂ ਬਾਅਦ ਅਮਰੀਕੀ ਸਾਮਰਾਜੀਏ ਚਿਆਂਗ ਕਾਈ-ਸ਼ੇਕ ਦੀ ਪਿੱਠ 'ਤੇ ਆ ਖਲੋਤੇ ਅਤੇ ਉਹਨਾਂ ਨੇ ਆਪਣੇ ਮਾਰੂ ਦਾਰੂ-ਸਿੱਕੇ, ਇੱਥੋਂ ਤੱਕ ਕਿ ਐਟਮੀ ਬੰਬ ਦੇ ਡਰਾਵਿਆਂ ਨਾਲ ਚੀਨੀ ਕੌਮ ਨੂੰ ਡਰਾਉਣ, ਧਮਕਾਉਣ ਅਤੇ ਲਿਫਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ। ਪਰ ਚੀਨੀ ਕਮਿਊਨਿਸਟ ਪਾਰਟੀ ਤੇ ਉਸਦੀ ਲਾਲ ਫੌਜ ਦੁਆਲੇ ਇੱਕ-ਮੁੱਠ ਹੋਈ ਚੀਨੀ ਜਨਤਾ ਨੇ ਕਿਸੇ ਵੀ ਜਾਬਰ ਤਾਕਤ ਦੀ ਇੱਕ ਨਹੀਂ ਪੁੱਗਣ ਦਿੱਤੀ ਅਤੇ ਇਤਿਹਾਸ ਦੀ ਇੱਕ ਅਤਿ ਲੰਮੇਰੀ, ਖੂਨੀ ਤੇ ਸਿਰੜੀ ਜੱਦੋਜਹਿਦ ਤੋਂ ਬਾਅਦ ਚੀਨ ਦੀ ਧਰਤੀ ਨੂੰ ਬਦੇਸ਼ੀ ਤੇ ਦੇਸੀ ਲੁਟੇਰਿਆਂ ਕੋਲੋਂ ਮੁਕਤ ਕਰਾਕੇ ਹੀ ਦਮ ਲਿਆ।

ਸੁਆਲ ਪੈਦਾ ਹੁੰਦਾ ਹੈ ਕਿ ਚੀਨੀ ਲੋਕਾਂ ਕੋਲ ਆਖਰਕਾਰ ਉਹ ਕਿਹੜੀ ਸ਼ਕਤੀ ਸੀ, ਜਿਸ ਆਸਰੇ ਉਹ ਐਨੀ ਲੰਮੀ, ਬਿਖੜੀ ਤੇ ਸੂਰਮਗਤੀ ਭਰੀ ਜੰਗ ਲੜ ਸਕੇ ਅਤੇ ਅੰਤ ਨੂੰ ਫਤਹਿ ਹਾਸਲ ਕਰ ਲਈ? ਕੀ ਉਹਨਾਂ ਕੋਲ ਜਾਂ ਉਹਨਾਂ ਦੇ ਮਹਾਨ ਰਹਿਬਰ **ਮਾਓ ਜ਼ੇ ਤੁੰਗ** ਕੋਲ ਕੋਈ 'ਗਾਇਬੀ' ਤਾਕਤ ਸੀ? ਜਾਂ ਕਿ ਉਹਨਾਂ ਕਿਸੇ ਵੱਡੀ, ਤਾਕਤਵਰ ਬਦੇਸ਼ੀ ਤਾਕਤ ਦੀ ਮੱਦਦ ਨਾਲ ਇਹ 'ਕਰਿਸ਼ਮਾ' ਕਰ ਦਿਖਾਇਆ? ਨਹੀਂ, ਇਹਨਾਂ ਦੋਨਾਂ 'ਚੋਂ ਹੀ ਕੋਈ ਗੱਲ ਸਹੀ ਨਹੀਂ। **ਚੀਨੀ ਲੋਕਾਂ ਦੀ ਤਾਕਤ ਦਾ ਤੇ ਉਹਨਾਂ ਦੀ ਸ਼ਾਨਦਾਰ ਜਿੱਤ ਦਾ ਰਾਜ਼ ਸੀ—ਕਾਮਰੇਡ ਮਾਓ ਜ਼ੇ ਤੁੰਗ ਦੀ ਵਿਚਾਰਧਾਰਕ, ਸਿਆਸੀ ਤੇ ਫੌਜੀ ਖੇਤਰ ਅੰਦਰ ਸੁਘੜ ਅਗਵਾਈ।**

ਐਨੇ ਲੰਮੇ, ਬਿਖੜੇ ਤੇ ਸੂਰਮਗਤੀ ਭਰੇ ਹਥਿਆਰਬੰਦ ਸੰਘਰਸ਼ ਦੌਰਾਨ ਮਾਓ ਜ਼ੇ ਤੁੰਗ ਨੇ ਬਹੁਤ ਹੀ ਕੀਮਤੀ ਤਜਰਬਾ ਕਮਾਇਆ। ਉਸ ਨੇ ਸੰਸਾਰ ਭਰ ਦੀਆਂ ਖਾਸ ਕਰਕੇ ਚੀਨ ਦੀਆਂ ਸਭਨਾਂ ਅਹਿਮ ਜੱਦੋਜਹਿਦਾਂ ਦੇ ਇਤਿਹਾਸ ਨੂੰ ਗਹੁ ਨਾਲ ਵਾਚਿਆ ਅਤੇ ਆਪਣੀ ਵਿਗਿਆਨਕ ਸੂਝ-ਦ੍ਰਿਸ਼ਟੀ ਨਾਲ ਇਸ 'ਚੋਂ ਬਹੁਤ ਸਾਰੇ ਕੀਮਤੀ ਸਬਕ ਤੇ ਗੁਰ ਹਾਸਲ ਕੀਤੇ। ਇਹਨਾਂ ਸਬਕਾਂ ਨੂੰ ਇੱਕ ਬੱਝਵੀਂ ਲੜੀ 'ਚ ਪਰੋਕੇ ਉਸਨੇ ਇੱਕ ਅਜਿਹੇ ਇਨਕਲਾਬੀ ਸਿਧਾਂਤ ਦੀ ਸਿਰਜਣਾ ਕੀਤੀ ਜਿਹੜਾ ਮੁਕਤੀ ਲਈ ਜੂਝ ਰਹੀ ਹਰ ਕੌਮ ਦਾ ਰਾਹ ਰੁਸ਼ਨਾਉਂਦਾ ਹੈ। ਕਾਮਰੇਡ ਮਾਓ ਜ਼ੇ ਤੁੰਗ ਦੀ ਇਹ ਵਿਚਾਰਧਾਰਾ, ਉਸ ਵਲੋਂ ਵਿਕਸਤ ਕੀਤੇ ਸਿਧਾਂਤ

ਅਤੇ ਹਾਸਲ ਕੀਤੇ ਤਜਰਬੇ ਨੂੰ ਹਰ ਉਸ ਇਨਕਲਾਬੀ ਤਾਕਤ ਲਈ ਗਹੁ ਨਾਲ ਵਾਚਣਾ ਜਰੂਰੀ ਹੈ, ਜਿਹੜੀ ਲੁਟੇਰੀਆਂ ਤੇ ਜਾਬਰ ਹੁਕਮਰਾਨ ਤਾਕਤਾਂ ਹੱਥੋਂ ਆਪਣੀ ਕੌਮ, ਆਪਣੇ ਲੋਕਾਂ ਦੀ ਮੁਕਤੀ ਦੀ ਤਾਂਘ ਰਖਦੀ ਹੈ ਤੇ ਇਸਲਈ ਯਤਨਸ਼ੀਲ ਹੈ।

**ਪੰਜਾਬੀ** ਲੋਕਾਂ ਸਾਹਮਣੇ ਅੱਜ ਇੱਕ ਅਜਿਹੀ ਹੀ ਔਖੀ ਤੇ ਗੁੰਝਲਦਾਰ ਹਾਲਤ ਦਰਪੇਸ਼ ਹੈ। ਉਹ ਫਿਰਕਾਪ੍ਰਸਤ ਭਾਰਤੀ ਹਾਕਮਾਂ ਤੇ ਉਹਨਾਂ ਦੇ ਸਰਪ੍ਰਸਤ ਬਦੇਸ਼ੀ ਸਾਮਰਾਜੀ ਲੁਟੇਰਿਆਂ ਦੀ ਆਰਥਕ ਲੁੱਟ ਦਾ ਸ਼ਿਕਾਰ ਹਨ। ਜ਼ਾਬਰ ਕੇਂਦਰੀ ਹਕੂਮਤ ਦੇ ਆਸਰੇ ਪੰਜਾਬੀ ਕੌਮ ਨੂੰ ਨਾ ਸਿਰਫ ਆਰਥਕ ਲੁੱਟ-ਖਸੁੱਟ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਸਗੋਂ ਸਮਾਜੀ, ਸਭਿਆਚਾਰਕ ਤੇ ਸਿਆਸੀ ਪੱਖ ਤੋਂ ਇਸ ਨੂੰ ਦਬੇਲ ਬਣਾ ਕੇ ਰੱਖਿਆ ਹੋਇਆ ਹੈ। ਤੱਤ ਰੂਪ 'ਚ **ਪੰਜਾਬੀ ਕੌਮ ਸਾਹਮਣੇ ਆਪਣੇ ਆਪ ਨੂੰ ਭਾਰਤੀ ਅਤੇ ਬਦੇਸ਼ੀ ਲੁਟੇਰਿਆਂ ਅਤੇ ਜ਼ਾਬਰ ਕੇਂਦਰੀ ਹਾਕਮਾਂ ਕੋਲੋਂ ਮੁਕਤ ਕਰਾਉਣ ਦਾ ਮਸਲਾ ਹੈ।** ਇਹ ਮੁਕਤੀ ਕਿਵੇਂ ਹੋ ਸਕਦੀ ਹੈ ? ਕੀ ਜਾਬਰ ਕੇਂਦਰੀ ਹਾਕਮਾਂ ਨਾਲ ਕੋਈ ਸਮਝੌਤਾ ਤੇ ਸੁਲਾਹ-ਸਫ਼ਾਈ ਕਰਕੇ ? ਕੀ ਵੋਟਾਂ ਰਾਹੀਂ ਆਪਣੀ ਹਕੂਮਤ ਸਥਾਪਤ ਕਰਕੇ ? ਜਾਂ ਕੀ ਕਿਸੇ ਬਦੇਸ਼ੀ ਤਾਕਤ ਕੋਲੋਂ 'ਮੱਦਦ' ਤੇ 'ਸਹਾਇਤਾ' ਲੈ ਕੇ ? ਇਹਨਾਂ ਸਾਰੇ ਸੁਆਲਾਂ ਦੇ ਜੁਆਬ ਲੱਭਣ ਲਈ ਸਾਨੂੰ ਕਾਮਰੇਡ ਮਾਓ ਜ਼ੇ ਤੁੰਗ ਦੀਆਂ ਅਮਲੀ ਤਜਰਬੇ 'ਚੋਂ ਹਾਸਲ ਕੀਤੀਆਂ ਕੁੱਝ ਵੱਡਮੁੱਲੀਆਂ ਸਿਖਿਆਵਾਂ ਤੋਂ ਜਾਣੂੰ ਹੋਣਾ ਤੇ ਇਹਨਾਂ ਨੂੰ ਡੂੰਘਾਈ 'ਚ ਸਮਝਣਾ ਜਰੂਰੀ ਹੈ—ਤਾਂ ਕਿ ਇਹਨਾਂ ਸਿਖਿਆਵਾਂ ਨੂੰ ਸਾਡੀਆਂ ਅਜੋਕੀਆਂ ਹਾਲਤਾਂ ਉਤੇ ਲਾਗੂ ਕਰਦਿਆਂ ਪੰਜਾਬੀ ਕੌਮ ਦੀ ਮੁਕਤੀ ਦੇ ਸੰਗਰਾਮ ਲਈ ਦਰੁਸਤ ਮਾਰਗ-ਸੇਧ ਉਲੀਕੀ ਜਾ ਸਕੇ ਅਤੇ ਘੱਟ ਤੋਂ ਘੱਟ ਨੁਕਸਾਨ ਉਠਾਕੇ, ਵੱਧ ਤੋਂ ਵੱਧ ਜਿੱਤਾਂ ਹਾਸਲ ਕੀਤੀਆਂ ਜਾ ਸਕਣ।

ਸਮਾਜੀ ਵਿਕਾਸ ਦੇ ਸਮੁੱਚੇ ਇਤਿਹਾਸ 'ਚੋਂ, ਅਤੇ ਚੀਨ ਦੇ ਠੋਸ ਤਜਰਬੇ 'ਚੋਂ ਮਾਓ ਜ਼ੇ ਤੁੰਗ ਨੇ ਇਸ ਸਰਵ-ਵਿਆਪੀ ਸੱਚ ਨੂੰ ਧੁਰ ਡੂੰਘਾਈ ਤੱਕ ਗ੍ਰਹਿਣ ਕੀਤਾ ਕਿ **ਰਾਜਸੀ ਤਾਕਤ ਬੰਦੂਕ ਦੀ ਨਾਲੀ 'ਚੋਂ ਪੈਦਾ ਹੁੰਦੀ ਹੈ।** ਹਰ ਲੁਟੇਰੀ ਹੁਕਮਰਾਨ ਤਾਕਤ, ਭਾਵੇਂ ਉਹ 'ਜਮਹੂਰੀਅਤ' ਦੀ ਕਿੰਨੀ ਵੀ ਫਰੇਬੀ ਬੂ-ਦੁਹਾਈ ਕਿਉਂ ਨਾ ਪਿੱਟੇ, ਅੰਤਮ ਤੌਰ 'ਤੇ, ਲੋਕਾਂ ਨੂੰ ਦਬੇਲ ਬਣਾ ਕੇ ਰੱਖਣ ਲਈ ਆਪਣੀ ਹਥਿਆਰਬੰਦ ਰਾਜ-ਮਸ਼ੀਨਰੀ (ਪੁਲਸ, ਫੌਜ, ਕਨੂੰਨ ਆਦਿ) ਦਾ ਹੀ ਆਸਰਾ ਲੈਂਦੀ ਹੈ। ਪਾਰਲੀਮਾਨੀ ਜਮਹੂਰੀਅਤ ਵੀ ਅਸਲ ਵਿੱਚ ਲੁਟੇਰਿਆਂ ਦੀ ਜਮਹੂਰੀਅਤ ਹੀ ਹੈ, ਜਿੱਥੇ ਲੁਟੇਰਿਆਂ ਦਾ ਕੋਈ ਇੱਕ ਜਾਂ ਦੂਜਾ ਧੜਾ, ਲੋਕਾਂ ਕੋਲੋਂ ਝੂਠ-ਫਰੇਬ ਆਸਰੇ ਵੋਟਾਂ ਲੈ ਕੇ ਹਕੂਮਤੀ ਗੱਦੀਆਂ ਉਤੇ ਬਿਰਾਜਮਾਨ ਹੋ ਸਕਦਾ ਹੈ ਅਤੇ ਆਪਣੀ ਲੁੱਟ ਤੇ ਜਬਰ ਦੀ ਖੇਡ ਜਾਰੀ ਰੱਖ ਸਕਦਾ ਹੈ। ਪਰ ਜਿੱਥੋਂ ਤੱਕ ਲੋਕਾਂ ਦਾ ਸਬੰਧ ਹੈ—ਉਹ ਲੁਟੇਰਿਆਂ ਦੇ ਕਿਸੇ ਇੱਕ ਜਾਂ ਦੂਜੇ ਟੋਲੇ ਨੂੰ ਹਕੂਮਤੀ ਕੁਰਸੀਆਂ ਤੱਕ ਪਹੁੰਚਾਉਣ ਲਈ 'ਅਜ਼ਾਦ' ਹਨ। ਜੇ ਲੋਕ ਲੁਟੇਰਿਆਂ ਦੇ ਜ਼ਾਬਰ ਰਾਜ ਤੋਂ ਨਾਬਰ ਹੋਣ ਦੀ ਕੋਸ਼ਿਸ਼ ਕਰਨ ਤਾਂ ਹਾਕਮਾਂ ਵੱਲੋਂ ਬੰਦੂਕਾਂ ਦੇ ਮੂੰਹ ਸਿੱਧੇ ਉਨ੍ਹਾਂ ਵੱਲ ਕਰ ਲਏ ਜਾਂਦੇ ਹਨ। ਪੰਜਾਬ ਅੰਦਰ ਅੱਜ ਇਸ ਸੱਚਾਈ ਨੂੰ ਨੰਗੇ ਰੂਪ 'ਚ ਵੇਖਿਆ ਜਾ ਸਕਦਾ ਹੈ—ਜਿੱਥੇ ਲੋਕਾਂ ਕੋਲੋਂ ਵੋਟਾਂ ਪੁਆਕੇ ਵੀ ਅਤੇ ਉਹਨਾਂ ਅੰਦਰ ਉਹਨਾਂ ਦੀ ਆਪਣੀ 'ਪੰਥਕ ਸਰਕਾਰ' ਦਾ ਭਰਮ ਪੈਦਾ ਕਰਕੇ ਵੀ, ਅੰਤ ਨੂੰ ਉਹਨਾਂ ਉਤੇ ਸਿੱਧਾ ਬੰਦੂਕ ਦਾ ਰਾਜ ਮੜ੍ਹ ਦਿੱਤਾ ਗਿਆ ਹੈ। ਜੇ ਵੋਟਾਂ ਜਿੱਤਕੇ ਚੰਗੇ ਆਦਮੀ ਆਪਣੀ ਸਰਕਾਰ ਬਣਾ ਵੀ ਲੈਣ ਤਾਂ ਅੱਵਲ ਤਾਂ ਸਰਕਾਰ ਬਨਾਉਣ ਤੋਂ ਬਾਅਦ ਉਹ ਲੋਕਾਂ ਦੇ ਨਹੀਂ ਰਹਿਣੇ (ਜਿਵੇਂ ਅਸੀਂ ਪੰਜਾਬ ਅੰਦਰ ਵੱਖ ਵੱਖ ਸਰਕਾਰਾਂ ਦੇ ਰੱਜ ਦੇਖ ਹੀ ਚੁੱਕੇ ਹਾਂ) ਅਤੇ ਜੇਕਰ ਉਹ ਲੋਕਾਂ ਦੇ ਰਹਿਣ ਦੀ ਕੋਸ਼ਿਸ਼ ਕਰਨ ਤਾਂ ਉਹਨਾਂ ਦੀ ਸਰਕਾਰ ਨਹੀਂ ਰਹਿਣੀ ਅਤੇ ਉਹਨਾਂ ਨੂੰ 'ਅੱਤਵਾਦੀ' ਗਰਦਾਨਕੇ ਜੇਲ੍ਹਾਂ ਅੰਦਰ ਸੁੱਟ ਦਿੱਤਾ ਜਾਵੇਗਾ। ਸੋ ਪੰਜਾਬੀ ਕੌਮ ਨੂੰ ਕਿਉਂਕਿ **ਬੰਦੂਕ** ਦੇ ਜ਼ੋਰ ਹੀ ਗੁਲਾਮ ਬਣਾ ਕੇ ਰੱਖਿਆ ਹੋਇਆ ਹੈ, ਇਸ ਲਈ ਇਸ ਦੀ ਮੁਕਤੀ ਵੀ ਬੰਦੂਕ ਦੇ ਜਰੀਏ ਹੀ ਹੋ ਸਕਦੀ ਹੈ—ਹੋਰ ਕਿਸੇ ਵੀ ਤਰ੍ਹਾਂ ਨਹੀਂ।

ਪਰ ਕੀ ਸਿਰਫ "ਕੱਲੀ "ਬੰਦੂਕ" ਹੀ ਆਪਣੇ ਆਪ 'ਚ ਮੁਕਤੀ ਦਾ, ਰਾਜਸੀ ਤਾਕਤ ਦਾ ਸਾਧਨ ਬਣ ਸਕਦੀ ਹੈ ? ਮਾਓ ਜ਼ੇ ਤੁੰਗ ਨੇ ਇਤਿਹਾਸਕ ਤਜਰਬੇ ਦਾ ਤੱਤ-ਨਚੋੜ ਕਢਦਿਆਂ ਇਸਦਾ ਉੱਤਰ ਸਪਸ਼ਟ ਨਾਂਹ ਵਿਚ ਦਿੱਤਾ ਹੈ। ਉਸਨੇ ਦਰਸਾਇਆ ਕਿ ਮੁਕਤੀ ਲਈ "ਬੰਦੂਕ" ਜ਼ਰੂਰੀ ਹੈ—ਪਰ ਏਦੂੰ ਵੀ ਵੱਧ ਜ਼ਰੂਰੀ ਹੈ ਇਸ "ਬੰਦੂਕ" ਨੂੰ ਸਿਆਸੀ ਸੇਧ ਮੁਹੱਈਆ ਕਰਨ ਵਾਲੀ ਇਕ ਸਿਆਸੀ ਪਾਰਟੀ। ਕਿਉਂ ? ਕਿਉਂਕਿ ਰਾਜਸੀ ਤਾਕਤ ਲਈ ਘੋਲ ਮਹਿਜ਼ ਬੰਦੂਕਾਂ ਦਾ ਭੇੜ ਨਹੀਂ, ਸਗੋਂ ਇਕ ਬੇਹੱਦ ਗੁੰਝਲਦਾਰ ਸਿਆਸੀ ਘੋਲ ਹੁੰਦਾ ਹੈ। ਲੁਟੇਰੀ ਹੁਕਮਰਾਨ ਧਿਰ ਅੰਤਮ ਤੌਰ 'ਤੇ ਬੰਦੂਕ ਉਤੇ ਟੇਕ ਰੱਖਣ ਦੇ ਬਾਵਜੂਦ, ਲੋਕਾਂ ਨੂੰ ਦਬੇਲ ਬਣਾਕੇ ਰੱਖਣ ਲਈ ਬੜੇ ਹੀ ਸ਼ਾਤਰ ਰਾਜਨੀਤਕ

ਪੈਂਤੜੇ ਵਰਤਦੀ ਹੈ । ਲੁਟੇਰੀ ਧਿਰ ਕੋਲੋਂ ਸਿਆਸੀ ਤਾਕਤ ਖੋਹਣ ਲਈ, ਲੋਕਾਂ ਕੋਲ ਵੀ ਬੰਦੂਕ ਤੋਂ ਇਲਾਵਾ ਆਪਣਾ ਸਿਆਸੀ ਦਿਮਾਗ, ਆਪਣੀ ਸਿਆਸੀ ਪਾਰਟੀਹੋਣੀ ਜ਼ਰੂਰੀ ਹੈ, ਜਿਹੜੀ ਦੁਸ਼ਮਣ ਦੀਆਂ ਸਭੇ ਸਿਆਸੀ ਪੈਂਤਰੇ ਬਾਜ਼ੀਆਂ ਬੁਝ ਸਕੇ ਤੇ ਉਸਨੂੰ ਸਿਆਸੀ ਖੇਤਰ ਅੰਦਰ ਵੀ ਚਿੱਤ ਕਰਨ ਦੀ ਕਾਬਲੀਅਤ ਰਖਦੀ ਹੋਵੇ । ਦੁਸ਼ਮਣ ਆਪਣੀ ਬੰਦੂਕ ਦੀ (ਭਾਵ ਆਪਣੀਆਂ ਹਥਿਆਰਬੰਦ ਸ਼ਕਤੀਆਂ ਦੀ) ਵਰਤੋਂ ਬੜੀ ਹੀ ਸੋਚ-ਵਿਚਾਰ ਤੇ ਸਕੀਮ ਨਾਲ ਕਰਦਾ ਹੈ । ਇਸੇ ਤਰ੍ਹਾਂ, ਦੁਸ਼ਮਣ ਕੋਲੋਂ ਰਾਜਸੀ ਤਾਕਤ ਖੋਹਣ ਲਈ ਲੜ ਰਹੀ ਧਿਰ ਲਈ ਵੀ ਇਹ ਜ਼ਰੂਰੀ ਹੈ ਕਿ ਉਹ ਆਪਣੀ ਬੰਦਕ ਦੀ ਵਰਤੋਂ ਅੰਨ੍ਹੇ-ਵਾਹ ਨਾ ਕਰੇ, ਸਗੋਂ ਪੂਰੀ ਸਿਆਸੀ ਸੂਝ ਬੂਝ ਨਾਲ ਕਰੇ । ਮਾਓ ਜ਼ੇ ਤੁੰਗ ਨੇ ਚੀਨ ਦੇ ਇਨਕਲਾਬੀ ਯੁੱਧ ਦੌਰਾਨ ਅਮਲੀ ਤਜਰਬੇ 'ਚੋਂ ਇਹ ਅਹਿਮ ਸਬਕ ਕੱਢਿਆ ਸੀ ਕਿ ਬੰਦੂਕ ਪਾਰਟੀ ਦੇ ਅਧੀਨ ਹੋਵੇ ਨਾ ਕਿ ਪਾਰਟੀ ਬੰਦੂਕ ਦੇ ਅਧੀਨ । ਜੇ ਪਾਰਟੀ ਬੰਦੂਕ ਨੂੰ ਹੱਥੋਂ ਛੱਡ ਬੈਠੀ ਤਾਂ ਉਹ ਦੁਸ਼ਮਣ ਕੋਲੋਂ ਨਹੱਥੀ ਮਾਰ ਖਾ ਬੈਠੇਗੀ, ਅਤੇ ਜੇਕਰ ਪਾਰਟੀ ਬੰਦੂਕ ਦੇ ਅਧੀਨ ਚਲੀ ਗਈ ਤਾਂ ਉਹ ਆਪਣੀ ਸਿਆਸੀ ਸੂਝ-ਬੂਝ ਤੇ ਕਾਬਲੀਅਤ ਗੁਆ ਬੈਠੇਗੀ ਅਤੇ ਦੁਸ਼ਮਣ ਹੱਥੋਂ ਸਿਆਸੀ ਖੇਤਰ ਅੰਦਰ ਮਾਰ ਖਾ ਜਾਵੇਗੀ ।

ਤਾਂ ਫਿਰ ਕੀ ਰਾਜਸੀ ਤਾਕਤ ਹਾਸਲ ਕਰਨ ਲਈ ਇਕ ਸਿਆਸੀ ਪਾਰਟੀ ਤੇ ਇਸਦੀ ਅਗਵਾਈ ਹੇਠ ਚੱਲਣ ਵਾਲੀ "ਬੰਦੂਕ" (ਹਥਿਆਰਬੰਦ ਤਾਕਤ) ਦਾ ਹੋਣਾ ਹੀ ਕਾਫੀ ਹੈ ? ਮਾਓ ਜ਼ੇ ਤੁੰਗ ਇਸਦਾ ਉੱਤਰ ਵੀ ਨਾਂਹ ਵਿਚ ਦਿੰਦਾ ਹੈ । ਉਸਨੇ ਠੋਸ ਤਜਰਬੇ 'ਚੋਂ ਇਕ ਹੋਰ ਪਤੇ ਦੀ ਗੱਲ ਇਹ ਲੱਭ ਕੱਢੀ ਕਿ ਜਿਹੜੀ ਪਾਰਟੀ ਨੂੰ ਵਿਸ਼ਾਲ ਲੋਕਾਂ ਦੀ **ਸਰਗਰਮ ਹਮਾਇਤ** ਹਾਸਲ ਨਹੀਂ, ਉਹ ਮਹਿਜ਼ "ਬੰਦੂਕ" ਦੇ ਆਸਰੇ ਹੀ ਦੁਸ਼ਮਣ ਉੱਤੇ ਫਤਹਿ ਹਾਸਲ ਨਹੀਂ ਕਰ ਸਕਦੀ । ਸਿਆਸੀ ਭੇੜ ਅੰਦਰ ਜਿਹੜੀ ਵੀ ਧਿਰ ਵਿਸ਼ਾਲ ਲੋਕਾਈ ਦੀ ਹਮਾਇਤ ਗੁਆ ਬਹਿੰਦੀ ਹੈ, ਉਸਦੀ ਹਾਰ ਯਕੀਨੀ ਹੋ ਜਾਂਦੀ ਹੈ । ਇਸ ਲਈ, ਲੁਟੇਰੀ ਜਾਬਰ ਹੁਕਮਰਾਨ ਧਿਰ ਕੋਲੋਂ ਰਾਜਸੀ ਤਾਕਤ ਖੋਹਣ ਲਈ ਜੂਝ ਰਹੀ ਧਿਰ ਨੂੰ ਅਜਿਹੀਆਂ ਸਿਆਸੀ ਨੀਤੀਆਂ ਤੇ ਪੈਂਤੜੇ ਅਪਨਾਉਣ ਦੀ ਜ਼ਰੂਰਤ ਹੈ ਜਿਹਨਾਂ ਨਾਲ ਦੁਸ਼ਮਣ ਧਿਰ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਨਖੇੜਿਆ ਜਾ ਸਕੇ ਅਤੇ ਆਪਣੇ ਪੱਖ ਵਿਚ ਵੱਧ ਤੋਂ ਵੱਧ ਵਿਸ਼ਾਲ ਹਿਸਿਆਂ ਨੂੰ ਲਾਮਬੰਦ ਕੀਤਾ ਜਾ ਸਕੇ । ਇਸ ਮਕਸਦ ਲਈ ਦੋਸਤਾਂ ਤੇ ਦੁਸ਼ਮਣਾਂ ਦੀ ਦਰੁਸਤ ਪਛਾਣ ਕਰਨੀ ਜ਼ਰੂਰੀ ਹੈ ਤਾਂ ਕਿ ਹਰ ਸੰਭਵ ਦੋਸਤ ਨਾਲ, ਹਰ ਸੰਭਵ ਸੰਗੀ (ਭਾਵੇਂ ਉਹ ਬੇਪਰਤੀਤਾ ਤੇ ਵਕਤੀ ਹੀ ਕਿਉਂ ਨਾ ਹੋਵੇ) ਨਾਲ ਮਜ਼ਬੂਤ ਸੰਗਰਾਮੀ ਸਾਂਝ ਗੰਢੀ ਜਾ ਸਕੇ ।

ਹਥਿਆਰਬੰਦ ਘੋਲ ਰਾਹੀਂ ਸਿਆਸੀ ਤਾਕਤ ਹਥਿਆਉਣ ਲਈ ਕਾ: ਮਾਓ ਜ਼ੇ ਤੁੰਗ ਦੀਆਂ ਉਪਰੋਕਤ ਸਿਖਿਆਵਾਂ ਨੂੰ ਡੂੰਘਾਈ 'ਚ ਗ੍ਰਹਿਣ ਕਰਨਾ ਤੇ ਨਿਪੁੰਨਤਾ ਨਾਲ ਲਾਗੂ ਕਰਨਾ ਬੇਹੱਦ ਜ਼ਰੂਰੀ ਹੈ । ਸੰਸਾਰ ਭਰ ਦੀਆਂ ਜੱਦੋ-ਜਹਿਦਾਂ ਦਾ ਤਜਰਬਾ ਦਰਸਾਉਂਦਾ ਹੈ ਕਿ ਜਿਹੜੀ ਵੀ ਲੜਾਕੂ ਤਾਕਤ ਇਹਨਾਂ ਸਿਖਿਆਵਾਂ ਤੋਂ ਭਟਕੀ ਹੈ ਉਹ ਦੁਸ਼ਮਣ ਹੱਥੋਂ ਅੰਤ ਨੂੰ ਹਾਰ ਖਾ ਬੈਠਣ ਲਈ ਸਰਾਪੀ ਗਈ ਹੈ ।

ਇਸ ਪੱਖੋਂ ਜਦ ਅਸੀਂ ਪੰਜਾਬ ਦੀਆਂ ਅਜੋਕੀਆਂ ਹਾਲਤਾਂ ਉੱਤੇ ਝਾਤੀ ਮਾਰਦੇ ਹਾਂ ਤਾਂ ਤਸਵੀਰ ਕੋਈ ਬਹੁਤੀ ਆਸ਼ਾਜਨਕ ਤੇ ਹਾਂ-ਪੱਖੀ ਨਹੀਂ ਦਿਖਦੀ । ਆਪਣੇ ਆਪ ਨੂੰ ਇਨਕਲਾਬੀ ਤੇ ਕਮਿਊਨਿਸਟ ਅਪਨਾਉਣ ਵਾਲੀਆਂ ਬਹੁਤੀਆਂ ਤਾਕਤਾਂ ਜਾਂ ਮੌਜੂਦਾ ਸਿਆਸੀ ਭੇੜ ਅੰਦਰ ਅਮਲੀ ਤੌਰ ਤੇ ਨਕਾਰਾ ਤੇ ਅਪਰਸੰਗਿਕ ਹੋ ਕੇ ਰਹਿ ਗਈਆਂ ਹਨ ਅਤੇ ਜਾਂ ਉਹ ਬਾਹਰਮੁਖੀ ਤੌਰ 'ਤੇ ਜਾਬਰ ਤੇ ਨਹੱਕੀ ਧਿਰ ਦੇ-ਯਾਨੀ ਕਿ ਜਾਬਰ ਕੇਂਦਰੀ ਹਾਕਮਾਂ ਦੇ ਪੱਖ 'ਚ ਭੁਗਤ ਰਹੀਆਂ ਹਨ । ਅਮਲੀ ਖੇਤਰ ਅੰਦਰ ਸਮੁੱਚੀ ਪਹਿਲਕਦਮੀ ਸਿੱਖ ਖਾੜਕੂਆਂ ਦੇ ਹੱਥ ਹੀ ਰਹਿ ਰਹੀ ਹੈ--ਜਿਹਨਾਂ ਕੋਲ ਲੜਨ ਦਾ ਇਰਾਦਾ ਤੇ ਜਜ਼ਬਾ ਤਾਂ ਹੈ, ਪਰ ਸਿਆਸੀ ਸੂਝ-ਬੂਝ ਬਹੁਤ ਹੋਲੀ ਹੈ; "**ਬੰਦੂਕ**" ਤਾਂ ਹੈ ਪਰ ਕਿਸੇ ਸੁਘੜ ਸਿਆਸੀ ਸੰਸਥਾ ਦੀ ਅਗਵਾਈ ਨਹੀਂ । ਅਜੋਕੀ ਸਿੱਖ ਖਾੜਕੂ ਲਹਿਰ ਅੰਦਰ **ਬੰਦਕ ਉੱਤੇ ਸਿਆਸੀ ਸੂਝ** ਦਾ ਪਹਿਰਾ ਨਹੀਂ, ਸਗੋਂ ਉਲਟਾ, ਸਿਆਸੀ ਸੂਝ ਉੱਤੇ ਬੰਦੂਕ ਦਾ ਪਹਿਰਾ ਹੈ । ਇਸ ਕਰਕੇ ਦਰੁਸਤ ਸਿਆਸੀ ਸੂਝ ਤੇ ਸੇਧ ਤੋਂ ਕੋਰੇ "ਬੰਦੂਕਧਾਰੀ ਯੋਧਿਆਂ" ਨੂੰ ਨਾ ਸਿਰਫ ਸਿਆਸੀ ਖੇਤਰ ਅੰਦਰ, ਸਗੋਂ ਫੌਜੀ ਖੇਤਰ ਅੰਦਰ ਵੀ ਗੰਭੀਰ ਮਾਰਾਂ ਤੇ ਪਿਛਾੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਉਹ ਕੇਂਦਰੀ ਹੁਕਮਰਾਨਾਂ ਵਿਰੁਧ ਵਿਸ਼ਾਲ ਲੋਕਾਈ ਨੂੰ ਲਾਮਬੰਦ ਤੇ ਜਥੇਬੰਦ ਕਰਨ 'ਚ ਸਫਲ ਨਹੀਂ ਹੋ ਰਹੇ, ਸਗੋਂ ਉਹਨਾਂ ਦੇ ਕੁਝ ਕੁਚੱਜੇ ਪੈਂਤੜੇ ਤੇ ਕਾਰਵਾਈਆਂ ਉਹਨਾਂ ਨੂੰ ਲੋਕਾਂ ਦੀ ਸਰਗਰਮ ਹਮਾਇਤ ਤੋਂ ਵਿਰਵਿਆਂ ਕਰਨ 'ਚ ਸਹਾਈ ਹੋ ਰਹੀਆਂ ਹਨ । ਉਹਨਾਂ ਦੀ ਮੱਤ, ਲੋਕ-ਸ਼ਕਤੀ ਉੱਤੇ ਟੇਕ ਰੱਖਣ ਤੋਂ ਵੱਧ ਕਿਸੇ ਬਾਹਰੀ ਤਾਕਤ ਦੀ 'ਮੱਦਦ' ਤੇ ਦਖਲਅੰਦਾਜ਼ੀ ਦੀ ਲਲਚਾਵੀਂ ਝਾਕ ਭਟਕ 'ਚ ਰਹੀ ਹੈ । ਪਰ ਇਹਸਭ ਕੁਝ ਕੋਈ ਬਹੁਤਾਗੈਰ-ਕੁਦਰਤੀ ਜਾਂ ਅਕਾਰਨ ਨਹੀਂ । ਸਿੱਖ ਖਾੜਕੂਆਂ ਦਾ ਜਮਾਤੀ ਖਾਸਾ, ਉਹਨਾਂ ਦੀ ਸੂਝ, ਦ੍ਰਿਸ਼ਟੀ ਤੇ ਵਿਚਾਰਧਾਰਾ ਦੀਆਂ ਸੀਮਤਾਈਆਂ ਤੇ ਖਾਮੀਆਂ ਉਹਨਾਂ ਨੂੰ ਅਜਿਹੀ ਹਾਲਤ ਵੱਲ ਹੀ ਧੱਕ ਸਕਦੀਆਂ ਤੇ ਧੱਕ ਰਹੀਆਂ ਹਨ । ਇਹ ਹਾਲਤ ਪੰਜਾਬ ਦੀਆਂ ਸੱਚੀਆਂ ਇਨਕਲਾਬੀ ਤਾਕਤਾਂ ਲਈ ਇਕ ਚੁਣੌਤੀ ਹੈ, ਇੱਕ ਵੰਗਾਰ ਹੈ ?

**ਆਓ, ਇਨਕਲਾਬੀ ਕੌਮਾਂਤਰੀਵਾਦੀ ਲਹਿਰ (RIM)** ਦੀ ਅਗਵਾਈ ਹੇਠ ਚੱਲ ਰਹੀ ਮਾਓ ਜ਼ੇ ਤੁੰਗ ਦੀ ਦਸਵੀਂ ਬਰਸੀ ਦੀ ਯਾਦਗਾਰੀ ਮੁਹਿੰਮ ਨੂੰ ਇਸ ਚੁਣੌਤੀ ਦਾ ਹਾਣ ਬਖਸ਼ੀਏ ਅਤੇ ਪੰਜਾਬ ਦੇ ਮਘੇ ਹੋਏ ਸਿਆਸੀ ਰਣ-ਖੇਤਰ ਅੰਦਰ **ਲੋਕ-ਯੁੱਧ** ਦੀਆਂ ਗਰਜਾਂ ਪੈਦਾ ਕਰੀਏ—ਕਿਉਂਕਿ ਪੰਜਾਬੀ ਕੌਮ ਦੀ ਮੁਕਤੀ ਸਿਰਫ ਅਤੇ ਸਿਰਫ ਲੋਕ-ਯੁੱਧ ਦੇ ਜਰੀਏ ਹੀ ਸੰਭਵ ਹੈ । ●

# ਪੰਜਾਬ :
# ਸਿਆਸੀ ਸ਼ਤਰੰਜ਼ ਦੀਆਂ ਨਵੀਆਂ ਚਾਲਾਂ

ਪੰਜਾਬ ਸਮੱਸਿਆ ਦੇ ਨਾਂ ਨਾਲ ਚਰਚਿਤ ਪੰਜਾਬੀ ਲੋਕਾਂ ਤੇ ਖਾਸ ਕਰ ਸਿਖਾਂ ਦੀ ਕੇਂਦਰੀ ਹਾਕਮਾਂ ਵਿਰੁੱਧ ਚਲ ਰਹੀ ਜੁਝਾਰ ਜਦੋਜਹਿਦ, ਲੁਟੇਰੇ ਪ੍ਰਬੰਧ ਲਈ ਇਕ ਅਜਿਹੀ ਵੰਗਾਰ ਬਣ ਗਈ ਹੈ, ਜਿਸ ਨੇ ਉਨਾਂ ਦੀ ਲਗਾਤਾਰ ਨੀਂਦ ਹਰਾਮ ਕਰ ਰਖੀ ਹੈ। ਕੇਂਦਰੀ ਹਾਕਮਾਂ ਦਾ ਸਭ ਤੋਂ ਵੱਧ ਧਿਆਨ ਇੱਧਰ ਹੀ ਕੇਂਦਰਤ ਹੋਇਆ ਹੋਇਆ ਹੈ। ਫੌਜੀ ਤੇ ਗਵਰਨਰੀ ਰਾਜ ਰਾਹੀਂ ਅਥਾਹ ਜਬਰ ਢਾਹੁਣ ਤੋਂ ਬਾਦ ਰਾਜੀਵ-ਲੌਂਗੋਂਵਾਲ ਸਮਝੌਤੇ ਰਾਹੀਂ ਕੇਂਦਰ ਨੇ ਲੋਕਾਂ ਦੇ ਲੜਾਕੂ ਗੁੱਸੇ ਨੂੰ ਖਾਰਜ ਕਰਨ ਤੇ ਸਿਖਾਂ ਅੰਦਰਲੇ ਇਕ ਹਿੱਸੇ ਨੂੰ ਰਾਜ ਭਾਗ 'ਚ ਭਾਈਵਾਲ ਬਣਾਉਣ ਰਾਹੀਂ ਗੁੰਮਰਾਹ ਕਰਕੇ ਇਸ ਮਸਲੇ ਨੂੰ ਤਿਲਕਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਸਮਝੌਤੇ ਦੇ ਸਿਖ ਵਿਰੋਧੀ ਤੇ ਪੰਜਾਬ ਦੁਸ਼ਮਣ ਅਸਲੇ ਦੇ ਜਲਦੀ ਹੀ ਨੰਗੇ ਹੋ ਜਾਣ ਤੇ ਖਾੜਕੂ ਸਿਖ ਧਿਰਾਂ ਵਲੋਂ ਇਸ ਵਿਰੁੱਧ ਡਟਵਾਂ ਸਟੈਂਡ ਲੈਣ ਤੇ ਸੰਘਰਸ਼ ਦਾ ਝੰਡਾ ਬੁਲੰਦ ਰਖਣ ਨੇ ਕੁਝ ਹੀ ਸਮੇਂ 'ਚ ਕੇਂਦਰ ਦੀ ਸਾਜਸ਼ ਨੂੰ ਅਸਫਲ ਬਣਾ ਕੇ ਰੱਖ ਦਿਤਾ। ਜਦੋ-ਜਹਿਦ ਦੇ ਮੈਦਾਨ 'ਚ ਨਿਤਰੇ ਸਿੱਖ ਭਾਈਚਾਰੇ ਨੂੰ ਕੁੱਚਲਣ ਲਈ ਉਹ ਫਿਰ ਆਪਣੇ ਖੂਨੀਦੰਦ ਸਾਹਮਣੇਲੈ ਆਏ,ਇਕ ਵਾਰਫਿਰ ਜੁਲਮੀ ਕਹਿਰ ਦੀ ਹਨੇਰੀ ਪੰਜਾਬ ਉਪਰ ਛਾਅ ਗਈ। ਪਰ ਦੁਸ਼ਮਣ ਦੇ ਭੱਥੇ ਚੋਂ ਤੀਰ ਅਜੇ ਖਤਮ ਨਹੀਂ ਹੋਏ। ਜਿਥੇ ਉਹ ਅੰਨੇ ਜਬਰ ਰਾਹੀਂ ਲੜਾਕੂ ਹਿੱਸਿਆਂ ਨੂੰ ਨਿਸਲ ਕਰਨ ਦੀ ਨੀਤੀ ਨੂੰ ਨਿਸ਼ੰਗ ਜਾਰੀ ਰਖ ਰਹੇ ਹਨ ਉਥੇ ਲੋਕਾਂ ਨੂੰ ਭੰਬਲਭੂਸਿਆਂ 'ਚ ਪਾਉਣ ਲਈ ਰਾਜਸੀ ਚਾਲਾਂ ਵੀ ਚਲ ਰਹੇ ਹਨ।

ਹੁਣ ਇਕ ਵਾਰ ਫਿਰ ਸਿਖਾਂ ਅੰਦਰ ਪਕੜ ਰੱਖਣ ਵਾਲੀਆਂ ਜਥੇਬੰਦੀਆਂ ਨਾਲ ਨਵੇਂ ਸਿਰਿਓਂ ਸਮਝੌਤੇ ਦੀਆਂ ਕੋਸ਼ਿਸ਼ਾਂ ਚਲ ਰਹੀਆਂ ਹਨ। ਬਾਦਲ ਅਕਾਲੀ ਦਲ ਖੁਦ ਵੀ ਇਸੇ ਰੁੱਖ ਹੀ ਅਗੇ ਵੱਧ ਰਿਹਾ ਹੈ। ਪਰ ਇਹਨਾਂ ਲਈ ਸਮੱਸਿਆ ਟਕਸਾਲ, ਪੰਥਕ ਕਮੇਟੀ ਤੇ ਫੈਡਰੇਸ਼ਨ ਬਣੀ ਹੋਈ ਹੈ। ਜਿਹੜੇ ਹਾਲ ਦੀ ਘੜੀ ਕੇਂਦਰੀ ਹਾਕਮਾਂ ਨਾਲ ਕਿਸੇ ਵੀ ਕਿਸਮ ਦੀ ਗਲਬਾਤ 'ਚ ਹਿੱਸੇਦਾਰ ਬਣਨ ਲਈ ਤਿਆਰ ਨਹੀਂ। ਕੇਂਦਰ ਵੀ ਇਹਨਾਂ ਜਥੇਬੰਦੀਆਂ ਦੀ ਗੈਰ-ਹਾਜਰੀ 'ਚ ਕਿਸੇ ਨਵੇਂ ਸਮਝੌਤੇ ਲਈ ਤਿਆਰ ਨਹੀਂ ਕਿਉਂਕਿ ਉਹ ਇਕ ਤਜਰਬੇ ਚੋਂ ਲੰਘ ਚੁਕਿਆ ਹੈ ਕਿ ਖਾੜਕੂ ਧਿਰਾਂ ਨੂੰ ਬਾਹਰ ਰੱਖ ਕੇ ਪੰਜਾਬ ਦੀ ਹਾਲਤ 'ਚ ਬਹੁਤਾ ਫਰਕ ਨਹੀਂ ਪਾਇਆ ਜਾ ਸਕਦਾ। ਇਸ ਗਲ ਨੂੰ ਬਾਦਲ ਧੜਾ ਵੀ ਭਲੀ ਭਾਂਤ ਜਾਣਦਾ ਹੈ ਕਿ ਜੇਕਰ ਇਹ ਧਿਰਾਂ ਸਮਝੌਤੇ 'ਚ ਸ਼ਾਮਲ ਨਹੀਂ ਹੁੰਦੀਆਂ ਤਾਂ ਕੁਝ ਸਮੇਂ ਵਿਚ ਹੀ ਉਸਦਾ ਹਸ਼ਰ ਵੀ ਬਰਨਾਲੇ ਵਾਲਾ ਹੀ ਹੋਣਾ ਹੈ। ਇਸ ਲਈ ਉਸਦਾ ਸਾਰਾ ਜ਼ੋਰ ਇਨਾਂ ਜਥੇਬੰਦੀਆਂ ਨੂੰ ਕੇਂਦਰੀ ਹਾਕਮਾਂ ਨਾਲ ਸਮਝੌਤੇ ਦੀ ਮੇਜ਼ 'ਤੇ ਲਿਆਉਣ 'ਚ ਲੱਗਿਆ ਹੋਇਆ ਹੈ।

ਕੇਂਦਰੀ ਹਾਕਮ ਬਾਦਲ ਧੜੇ ਨਾਲ ਕੁਝ ਕੁ ਗੈਰ-ਬੁਨਿਆਦੀ ਮੰਗਾਂ ਮੰਨ ਕੇ ਸਮਝੌਤਾ ਕਰ ਸਕਦੇ ਹਨ ਤੇ ਉਸ ਨੂੰ ਰਾਜ ਗੱਦੀ'ਤੇ ਬਿਠਾ ਸਕਦੇ ਹਨ। ਇਸਤਰ੍ਹਾਂ ਬਾਦਲ ਧੜਾ ਕੇਂਦਰੀ ਹਾਕਮਾਂ ਦੇ ਪਿਠੂਆਂ ਵਾਲਾ ਰੋਲ ਨਿਭਾਉਣ ਲਗ ਸਕਦਾ ਹੈ। ਇਹ ਗਲ ਇਸ ਧੜੇ ਦੇ ਖਾਸੇ 'ਚ ਹੀ ਪਈ ਹੈ। ਇਸ ਦੀ ਲੀਡਰਸ਼ਿਪ ਲੁਟੇਰੀ ਜਮਾਤ ਚੋਂ ਹੋਣ ਕਰਕੇ ਦੋਗਲੇ ਕਿਰਦਾਰ ਦੀ ਮਾਲਕ ਹੈ। ਜਿਥੇ ਉਸ ਦੇ ਕੇਂਦਰ ਨਾਲ ਹਿੱਤ ਟਕਰਾਵੇਂ ਵੀ ਹਨ ਉਥੇ ਨਾਲ ਹੀ ਉਸ ਦੇ ਸਾਂਝੇ ਲੋਟੂ ਹਿੱਤ ਵੀ ਹਨ। ਇਸ ਕਰਕੇ ਇਹ ਜਮਾਤ ਕੇਂਦਰੀ ਹਾਕਮਾਂ ਵਿਰੁੱਧ ਕਿਸੇ ਸਿਰ ਵਢਵੀਂ ਲੜਾਈ 'ਚ ਪੈਣ ਤੋਂ ਆਮ ਤੌਰ 'ਤੇ ਹੀ ਕੰਨੀ ਕਤਰਾਉਂਦੀ ਹੈ ਤੇ ਪਾਰਲੀਮਾਨੀ ਘੇਰੇ ਅੰਦਰ ਰਹਿੰਦੇ ਹੋਏ ਹੀ ਲੜਾਈ ਦਾ ਪੈਂਤੜਾ ਲੈਂਦੀ ਹੈ। ਇਸ ਦੁਰਾਨ ਵੀ ਇਹ ਲਗਾਤਾਰ ਸਮਝੌਤੇ ਤੇ ਗੋਡੇ ਟੇਕਣ ਵਲ ਨੂੰ ਉਲਰਦੀ ਰਹਿੰਦੀ ਹੈ। ਇਸੇ ਕਾਰਨ ਇਸ ਦਾ ਰੋਲ ਵੀ ਦੂਹਰਾ ਆਉਂਦਾ ਹੈ। ਜਦ ਇਹ ਕੇਂਦਰੀ ਹਾਕਮਾਂ ਵਿਰੁੱਧ ਸੰਘਰਸ਼ 'ਚ ਪੈਂਦੇ ਹਨ ਤਾਂ ਇਨਾਂ ਦਾ ਰੋਲ ਬਾਹਰਮੁਖੀ ਤੌਰ ਤੇ ਹਾਂ-ਪੱਖੀ ਹੁੰਦਾ ਹੈ ਤੇ ਜਦ ਗੋਡੇ ਟੇਕਣ ਰਾਹੀਂ ਗੱਦੀਆਂ 'ਤੇ ਸਵਾਰ ਹੋ ਜਾਂਦੇ ਹਨ ਤਾਂ ਪਿਛਾਖੜੀ ਰੋਲ ਨਿਭਾਉਣ ਵਲ ਚਲੇ ਜਾਂਦੇ ਹਨ। ਇਨਕਲਾਬੀ ਸ਼ਕਤੀਆਂ ਜੇਕਰ ਇਨਾਂ ਦੇ ਇਸ ਅਸਲੇ ਤੇ ਇਸ ਮੁਤਾਬਕ ਬਦਲਦੇ ਰੋਲ ਨੂੰ ਸਹੀ ਰੂਪ 'ਚ ਸਮਝਣਗੀਆਂ ਤਾਂ ਹੀ ਹਾਲਤ 'ਚ ਦਖਲ ਬਣਾਉਣ ਤੇ ਠੀਕ ਰੁੱਖ ਸੇਧ ਦੇਣ 'ਚ ਕਾਮਯਾਬ ਹੋ ਸਕਣਗੀਆਂ।

ਬਾਦਲ ਧੜਾ ਕੇਂਦਰੀ ਹਾਕਮਾਂ 'ਤੇ ਦਬਾਅ ਪਾਉਣ ਤੇ ਕੁਝ ਦੋਮ ਦਰਜ਼ੇ ਦੀਆਂ ਮੰਗਾਂ ਮੰਨਵਾ ਕੇ ਗੱਦੀਆਂ 'ਤੇ

ਪਹੁੰਚਣ ਲਈ ਜਿੱਥੇ ਇਕ ਪਾਸੇ ਕੇਂਦਰ ਵਿਰੁੱਧ ਮੋਰਚੇ ਦੀਆਂ ਤਿਆਰੀਆਂ ਕਸ ਰਿਹਾ ਹੈ ਉੱਥੇ ਨਾਲ ਦੀ ਨਾਲ ਪੰਥਕ ਏਕਤਾ ਦੇ ਨਾਂ ਹੇਠ, ਇਕ ਅਕਾਲੀ ਦਲ ਬਣਾ ਕੇ ਗੱਦੀ ਹਾਸਲ ਕਰਨ ਲਈ ਵੀ ਹੱਥ ਪੈਰ ਮਾਰ ਰਿਹਾ ਹੈ। ਪਰ ਅਕਾਲੀ ਧੜਿਆਂ ਦਾ ਵਿਰੋਧ ਤੇ ਟਕਰਾਅ ਜਿਸ ਹੱਦ ਤਕ ਵੱਧ ਚੁੱਕਿਆ ਹੈ ਇਸ ਹਾਲਤ 'ਚ ਕਿਸੇ ਏਕਤਾ ਫਾਰਮੂਲੇ ਤੇ ਪਹੁੰਚਣ ਦੀ ਹਾਲੇ ਕੋਈ ਬਹੁਤੀ ਗੁੰਜਾਇਸ਼ ਨਹੀਂ ਦਿਖਾਈ ਦਿੰਦੀ, ਸਗੋਂ ਬਾਦਲ ਧੜੇ ਵਲੋਂ ਮੋਰਚਾ ਲਾਉਣ ਦੀਆਂ ਹੀ ਵੱਧ ਸੰਭਾਵਨਾਵਾਂ ਦਿਖਾਈ ਦਿੰਦੀਆਂ ਹਨ। ਬਾਦਲ ਧੜੇ ਦਾ ਉਲਾਰ ਕਿਹੜੇ ਪਾਸੇ ਹੁੰਦਾ ਹੈ ਇਸ ਵਿਚ ਖਾੜਕੂ ਧਿਰਾਂ ਦਾ ਰੋਲ ਵੀ ਮਹੱਤਵਪੂਰਨ ਹੋਵੇਗਾ। ਜੇਕਰ ਸਿਖ ਖਾੜਕੂ ਧਿਰਾਂ ਸਮਝੌਤੇ ਦੀ ਗੱਲ ਨੂੰ ਰੱਦ ਕਰਕੇ ਸੰਘਰਸ਼ ਦੇ ਰਾਹ 'ਤੇ ਹੀ ਡਟੀਆਂ ਰਹਿੰਦੀਆਂ ਹਨ ਤਾਂ ਇਨਾਂ ਸਾਰੀਆਂ ਧਿਰਾਂ ਦੀਆਂ ਸੀਮਤਾਈਆਂ ਦੇ ਬਾਵਜੂਦ ਬਾਹਰਮੁੱਖੀ ਤੌਰ ਤੇ ਇਹ ਇਕ ਹਾਂ-ਪੱਖੀ ਗੱਲ ਤਾਂ ਹੋਵੇਗੀ ਹੀ, ਕਿਉਂਕਿ ਪੰਜਾਬੀ ਲੋਕਾਂ ਤੇ ਸਿੱਖ ਧਾਰਮਕ ਘੱਟ ਗਿਣਤੀ ਦਾ ਕੇਂਦਰੀ ਹਾਕਮਾਂ ਨਾਲ ਟਕਰਾਅ ਮੱਧਮ ਨਹੀਂ ਹੋਵੇਗਾ, ਸਗੋਂ ਬਾਦਲ ਧੜੇ ਲਈ ਸਮਝੌਤਾ ਕਰਨਾ ਵੀ ਏਨਾਂ ਅਸਾਨ ਨਹੀਂ ਰਹਿ ਜਾਵੇਗਾ. ਉਹ ਮਜਬੂਰਨ ਮੋਰਚਾ ਲਾਉਣ ਵਲ ਹੀ ਵਧਣਗੇ। ਇਹ ਹਾਲਤ ਇਨਕਲਾਬੀ ਸ਼ਕਤੀਆਂ ਲਈ ਹੋਰ ਵੀ ਵੱਧ ਲਾਹੇਵੰਦੀ ਹੋਵੇਗੀ। ਸਿੱਖ ਖਾੜਕੂ ਧਿਰਾਂ ਵਲੋਂ ਕਿਸੇ ਸਮਝੌਤੇ ਦੀ ਪੇਸ਼ਕਸ਼ ਨੂੰ ਦੋ ਟੁੱਕ ਰੂਪ 'ਚ ਹੀ ਰੱਦ ਕਰ ਦਿਤਾ ਗਿਆ ਹੈ! ਇਸ ਲਈ ਕੇਂਦਰੀ ਹਾਕਮਾਂ ਦੀ ਇਸ ਨਵੀਂ ਸਿਆਸੀ ਚਾਲ ਨੂੰ ਫੌਰੀ ਤੌਰ 'ਤੇ ਫਲ ਨਹੀਂ ਲਗਣ ਲਗਿਆ। ਪੰਜਾਬ ਦੀ ਹਾਲਤ ਇਕ ਵਾਰ ਫਿਰ ਤਿੱਖੇ ਤਣਾਵਾਂ ਤੇ ਟਕਰਾਵਾਂ ਦੀ ਭੇਂਟ ਚੜ੍ਹਨ ਜਾ ਰਹੀ ਹੈ।

ਇਨਕਲਾਬੀ ਸ਼ਕਤੀਆਂ ਲਈ ਅੱਜ ਇਹ ਮਹੱਤਵ-ਪੂਰਨ ਕਾਰਜ ਹੈ ਕਿ ਪੰਜਾਬੀ ਲੋਕਾਂ ਸਾਹਮਣੇ **ਪੰਜਾਬ ਦੀ ਮੁਕਤੀ** ਦੇ ਪ੍ਰੋਗਰਾਮ ਨੂੰ ਜੋਰ ਨਾਲ ਪੇਸ਼ ਕਰਕੇ ਤੇ ਸਿਖਾਂ ਦੇ ਜਮਹੂਰੀ ਮਸਲਿਆਂ ਦੀ ਹਮਾਇਤ 'ਚ ਧੜੱਲੇ ਨਾਲ ਅਵਾਜ਼ ਉਠਾਉਣ! ਜੇਕਰ ਇਨਕਲਾਬੀ ਸ਼ਕਤੀਆਂ ਇਸ ਘੋਲ ਦੀ ਅਗਵਾਈ ਹਾਸਲ ਕਰਨ 'ਚ ਅਸਮਰਥ ਰਹਿੰਦੀਆਂ ਹਨ ਤਾਂ ਇਸ ਦੇ ਫਿਰ ਨੁਕਸਾਨਦੇਹ ਨਤੀਜੇ ਨਿਕਲਣਗੇ ਤੇ ਅਗਵਾਈ ਸਿੱਖ ਕੱਟੜਪੰਥੀ ਖਾੜਕੂ ਹਿੱਸਿਆਂ ਕੋਲ ਹੀ ਜਾਵੇਗੀ। ਜਿਹੜੇ ਆਪਣੀ ਤੰਗ ਨਜ਼ਰ ਤੇ ਕੱਟੜਪੰਥੀ ਸੋਚ ਸਦਕਾ ਇਸ ਲੜਾਈ ਨੂੰ ਇਨਕਲਾਬੀ ਜਮਹੂਰੀ ਪੈਂਤੜੇ ਤੋਂ ਲੜਨ 'ਚ ਅਸਮਰਥ ਹਨ। ●

## "ਭਾਰਤੀ ਕੌਮ" ਦੇ ਖਿੰਡ ਰਹੇ ਵਜੂਦ ਉਤੇ ਇੱਕ ਸੋਗਮਈ ਵਿਰਲਾਪ!

2 ਸਤੰਬਰ ਨੂੰ, ਇੱਕ ਬਦਨਾਮ ਹਿੰਦੂ ਸ਼ਾਵਨਵਾਦੀ ਸੰਸਥਾ-ਹਿੰਦੁਸਤਾਨੀ ਅੰਦੋਲਨ—ਵਲੋਂ ਚੰਡੀਗੜ੍ਹ ਵਿਖੇ ਇਕ ਕਨਵੈਨਸ਼ਨ ਕੀਤੀ ਗਈ—ਜਿਸਦਾ ਮੁੱਖ ਉਦੇਸ਼ ਪੰਜਾਬ ਅੰਦਰ ਜ਼ੋਰ ਫੜ ਰਹੇ ਕੌਮੀ ਜਜ਼ਬੇ ਵਿਰੁੱਧ ਜਨਤਕ ਰਾਇ ਲਾਮਬੰਦ ਕਰਨਾ, ਜਾਂ ਅਸਲ ਵਿੱਚ ਜਨਮੱਤ ਨੂੰ ਗੁੰਮਰਾਹ ਕਰਨਾ ਸੀ। ਕਿਉਂਕਿ ਇਸ ਮੌਕੇ ਲੁਟੇਰੇ ਭਾਰਤੀ ਹਾਕਮਾਂ ਦੀ (ਤੇ ਉਹਨਾਂ ਦੇ ਕੁਝ "ਸੂਰਖ-ਰੇਖਾ ਮਾਰਕਾ" ਬੇਸਮਝ ਢੰਡੋ-ਰਚੀਆਂ ਦੀ) ਮੁੱਖ ਸਿਰਦਰਦੀ ਹੀ ਇਹ ਬਣੀ ਹੋਈ ਹੈ ਕਿ ਭਾਰਤ ਦੀ ਮੌਜੂਦਾ ਪਿਛਾਖੜੀ ਤੇ ਗੈਰ-ਜਮਹੂਰੀ ਏਕਤਾ ਨੂੰ ਕਿਵੇਂ ਬਚਾਕੇ ਰੱਖਿਆ ਜਾਵੇ—ਇਸ ਲਈ, ਕਨਵੈਨਸ਼ਨ ਅੰਦਰ ਹਰ ਹਿੰਦੂ "ਦੇਸ਼ ਭਗਤ" ਨੇ ਦੇਸ਼ ਦੀ "ਏਕਤਾ ਤੇ ਅਖੰਡਤਾ" ਨੂੰ ਵਧ ਰਹੇ ਖਤਰੇ ਵਿਰੁਧ ਖੂਬ ਦੁਹਾਈ ਪਿੱਟੀ ਅਤੇ ਦੇਸ਼ ਦੇ ਅੱਡ-ਅੱਡ ਭਾਗਾਂ ਅੰਦਰ ਵੱਖ-ਵੱਖ ਕੌਮੀਅਤਾਂ ਵਲੋਂ ਆਪਣੀ ਵੱਖਰੀ ਪਹਿਚਾਣਦੀਰਾਖੀ ਲਈਉਠਾਈ 'ਗੁਸ-ਤਾਖ' ਆਵਾਜ਼ ਵਿਰੁੱਧ ਖੂਬ 'ਦੇਸ਼ ਭਗਤ ਨਜ਼ਲਾ' ਝਾੜਿਆ। ਕਨਵੈਨਸ਼ਨ ਦੀ ਸਮੁੱਚੀ ਕਾਰਵਾਈ ਇਸ ਗੱਲ ਦਾ ਬਹੁਤ ਹੀ ਸਪਸ਼ਟ ਸਬੂਤ ਹੈ ਕਿ ਲੁਟੇਰੇ ਫਿਰਕਾਪ੍ਰਸਤ/ਜਾਤਪ੍ਰਸਤ ਹਾਕਮਾਂ ਦਾ "ਭਾਰਤੀ ਕੌਮ" ਦਾ ਛਲਾਵਾ ਬਹੁਤ ਤੇਜ਼ੀ ਨਾਲ ਚਕਨਾਚੂਰ ਹੁੰਦਾ ਜਾ ਰਿਹਾ ਹੈ ਅਤੇ ਹੁਕਮਰਾਨ ਹਲਕੇ ਇਸ ਹਾਲਤ ਤੋਂ ਬੁਰੀ ਤਰ੍ਹਾਂ ਡਰਹੇ ਹੋਏ ਹਨ।

ਸੁਪਰੀਮ ਕੋਰਟ ਦੇ ਸਾਬਕਾ ਜੱਜ ਸ੍ਰੀ ਐਚ. ਆਰ: ਖੰਨਾ, ਜੋਅੱਜ ਕੱਲ੍ਹ ਹਿੰਦੂ ਫਿਰਕਾਪ੍ਰਸਤ ਲਾਬੀ ਦਾ ਬਹੁਤ ਹੀ ਮੂੰਹ-ਫਟ ਬੁਲਾਰਾ ਬਣਿਆ ਹੋਇਆ ਹੈ, ਨੇ ਬੜੇ ਹੀ ਸੋਗਮਈ ਅੰਦਾਜ਼ 'ਚ ਇਸ ਗੱਲ 'ਤੇ ਡੂੰਘਾ ਫਿਕਰ ਤੇ ਦੁੱਖ ਪਰਗਟ ਕੀਤਾ ਕਿ ਦੇਸ਼ ਅੰਦਰ ਉਹਨਾਂ ਲੋਕਾਂ [ਯਾਨੀ ਕਿ ਹਿੰਦੂ ਫਿਰਕਾਪ੍ਰਸਤਾਂ] ਦੀ ਗਿਣਤੀ ਦਿਨ-ਬ-ਦਿਨ ਘਟਦੀ ਜਾ ਰਹੀ ਹੈ ਜਿਹੜੇ ਆਪਣੇ ਆਪ ਨੂੰ ਪਹਿਲ-ਪ੍ਰਥਮੇ ਭਾਰਤੀ ਸਮਝਦੇ ਹੋਣ। ਜਸਟਿਸ ਖੰਨਾ ਨੇ ਬਹੁਤ ਹੀ ਹਕੀਕਤ-ਮੁਖੀ ਲਹਿਜੇ 'ਚ ਲੱਟੂ ਕੌਡਮੇ ਨੂੰ ਇਸ ਗੱਲੋਂ ਖਬਰਦਾਰ ਕੀਤਾ ਕਿ "ਸਾਨੂੰ ਬਹੁ-ਭਾਂਤੀ ਸ਼ਨਾਖਤਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਜਿਹ-ੜੀਆਂ ਕਿ ਉਸ ਵਡੇਰੀ ਤੇ ਅਤਿ-ਮਹੱਤਵਪੂਰਨ ਸ਼ਨਾਖਤ, ਜਿਹੜੀ ਕਿ ਸਾਨੂੰ ਇਕ ਕੌਮ ਦੇ ਰੂਪ 'ਚ ਇੱਕ-ਮੁੱਠ ਰੱਖ ਰਹੀ ਹੈ, ਦੇ ਉਤੋਂ ਦੀ ਪੈ ਰਹੀਆਂ ਤੇ ਅਖੀਰ ਇਸ ਨੂੰ ਨਿਗਲ ਲੈਣ ਵੱਲ ਵਧ ਰਹੀਆਂ ਹਨ।"

ਕਿੰਨੀ ਈਮਾਨਦਾਰੀ ਤੇ ਸੱਚ-ਬਿਆਨੀ ਹੈ ਇਕ ਜੱਜ ਦੇ ਇਹਨਾਂ ਬੋਲਾਂ ਵਿੱਚ! ਜੇ ਭਾਰਤ ਦੀ ਜੂਹ ਅੰਦਰ ਵਸਦੀਆਂ ਸਾਰੀਆਂ ਹੀ ਕੌਮਾਂ ਆਪਣੇ ਅਜ਼ਾਦਾਨਾ ਵਿਕਾਸ ਦੇ ਰਾਹ ਪੈ ਤੁਰੀਆਂ ਤਾਂ ਉਸ ਕਲਪਿਤ "ਭਾਰਤੀ ਕੌਮ" ਦਾ ਕੀ ਬਣੇਗਾ,ਜਿਸਦੀ ਹੋਂਦ ਹੀ ਇਨਾਂ ਕੌਮਾਂ ਦੀ ਆਰਥਕ,ਸਮਾਜੀ, ਸਭਿਆਚਾਰਕ ਤੇ ਸਿਆਸੀ ਗੁਲਾਮੀ 'ਤੇ ਨਿਰਭਰ ਹੈ! ●

## *ਸਭ ਹੱਕ "ਨਾਗੀਰੈੱਡੀਆਂ" ਦੇ ਰਾਖਵੇਂ ਨਹੀਂ...*

# ਬਾਂਝ ਸਿਆਸਤ ਹੁਣ ਸਾਂਝਾ ਖਜਾਨਾ ਬਣ ਗਈ !

ਪੰਜਾਬ ਦੇ ਕਮਿਊਨਿਸਟ ਇਨਕਲਾਬੀ (ਨਕਸਲੀ) ਹਲਕਿਆਂ ਅੰਦਰ ਪਿਛਲੇ ਤਿੰਨ-ਚਹੁੰ ਵਰ੍ਹਿਆਂ ਤੋਂ ਇਹ ਗੱਲ ਤਿੱਖੇ ਘੋਲ ਦਾ ਮੁੱਦਾ ਬਣੀ ਤੁਰੀ ਆ ਰਹੀ ਹੈ ਕਿ ਕੀ ਪੰਜਾਬ ਮਸਲਾ ਮਹਿਜ਼ ਫਿਰਕਾਪ੍ਰਸਤੀ ਦਾ ਹੀ ਮਸਲਾ ਹੈ—ਜਾਂ ਇਸ ਹਾਲਤ ਨੂੰ ਜਨਮ ਦੇਣ ਤੇ ਬਰਕਰਾਰ ਰੱਖਣ ਵਿੱਚ ਕੁੱਝ ਬੁਨਿਆਦੀ ਆਰਥਕ, ਸਮਾਜੀ ਤੇ ਸਿਆਸੀ ਫੈਕਟਰਾਂ ਦਾ ਨਿਰਣਾਇਕ ਰੋਲ ਹੈ ? "ਨਾਗੀ ਰੈੱਡੀ ਗਰੁੱਪ" ਵੱਲੋਂ ਬਹੁਤ ਹੀ ਨੰਗੇ ਤੇ ਨਿਸ਼ੰਗ ਰੂਪ 'ਚ ਇਹ ਪੈਂਤੜਾ ਉਭਾਰਿਆ ਜਾਂਦਾ ਰਿਹਾ ਹੈ ਕਿ ਮਸਲਾ ਨਿਰੋਲ ਫਿਰਕਾਪ੍ਰਸਤੀ ਦਾ ਹੈ, ਆਰਥਕ-ਸਮਾਜੀ ਕਾਰਨਾਂ ਦੀ ਰੱਟ ਲਾਉਣੀ ਫਿਰਕਾਪ੍ਰਸਤੀ ਨੂੰ ਛੋਟੀ ਬਖਸ਼ਣੀ ਹੈ । "ਨਾਗੀਰੈੱਡੀਆਂ" ਦੀ ਇਸ ਨਾਕਸ ਸਮਝ ਦਾ ਸਭ ਤੋਂ ਕੁੱਢਰ ਇਜ਼ਹਾਰ ਉਹਨਾਂ ਦੀ ਇਸ ਗੁਰਬਣਤਰ ਦੇ ਰੂਪ 'ਚ ਸਾਹਮਣੇ ਆਇਆ ਸੀ ਕਿ **"ਢੱਠੇ ਖੂਹ 'ਚ ਪਵੇ ਅਕਾਲੀ ਮੋਰਚਾ ਤੇ ਖਾਤੇ 'ਚ ਪੈਣ ਮੰਗਾਂ ।"** ਉਸ ਮੌਕੇ, ਨਾਗੀਰੈੱਡੀਆਂ ਦੀ ਇਸ ਬੌਂਗਸ ਸਮਝ ਨੂੰ ਚੁਣੌਤੀ ਦਿੰਦਿਆ ਜੈਕਾਰਾ ਨੇ ਆਪਣੇ ਤਿੱਖੇ, ਪੜਚੋਲਵੇਂ ਪ੍ਰਤੀਕਰਮ ਦਾ ਸਿਰਲੇਖ ਹੀ ਇਹ ਦਿੱਤਾ ਸੀ ਕਿ **"ਢੱਠੇ ਖੂਹ 'ਚ ਪਏ ਇਹ ਬਾਂਝ ਸਿਆਸਤ !"**

ਪਰ ਉਸ ਗੱਲ ਨੂੰ ਹੁਣ ਬਹੁਤ ਸਮਾਂ ਗੁਜ਼ਰ ਚੁੱਕਾ ਹੈ । ਨਾਗੀਰੈੱਡੀਆਂ ਦੀ ਆਪਣੇ ਜੱਦੀ ਸੁਭਾਅ ਮੁਤਾਬਕ ਠੀਕ-ਗਲਤ ਪੋਜ਼ੀਸ਼ਨ ਉੱਤੇ ਢੀਠਤਾਈ (ਜੀਹਨੂੰ ਉਹ 'ਸਾਬਤਕਦਮੀ' ਕਹਿੰਦੇ ਹਨ) ਨਾਲ ਅੜੇ ਰਹਿਣ ਦੀ ਚੀੜ੍ਹ ਨੀਤੀ, ਉਨ੍ਹਾਂ ਨੂੰ ਐਤਕੀਂ ਚੰਗੀ ਵਰ ਆਈ ਹੈ । ਉਹਨਾਂ ਦੀ ਇਸ ਬਾਂਝ ਸਿਆਸਤ ਦੀਆਂ, ਕਿਸੇ ਮੌਕੇ ਕੱਟੜ ਵਿਰੋਧੀ ਰਹੀਆਂ ਕੁੱਝ ਤਾਕਤਾਂ, ਭਟਕਦੀਆਂ-ਭਟਕਾਉਂਦੀਆਂ ਅਤੇ ਠੇਡੇ-ਠਿੱਬੇ ਖਾਂਦੀਆਂ ਅੰਤ ਨੂੰ ਇਸ ਬਾਂਝ ਸਿਆਸਤ ਦੇ ਚਰਨੀਂ ਆ ਲੱਗੀਆਂ ਹਨ । ਇਹ ਹੈ ਆਪਣੇ ਆਪ ਨੂੰ ਨਕਸਲੀ ਕਹਾਉਣ ਵਾਲੀਆਂ ਕੋਈ ਅੱਧ ਦਰਜਨ ਦੇ ਕਰੀਬ ਗਰੁੱਪਬੰਦੀਆਂ ਦੀ ਅਵਾਰਾ ਸਿਆਸਤ ਦਾ ਉਹ ਜੋੜ-ਤੋੜ, ਜਿਸ 'ਚੋਂ ਹਾਲ ਹੀ 'ਚ ਇੱਕ "ਸਾਂਝੇ ਫਰੰਟ" ਨੇ ਅਵਤਾਰ ਧਾਰਿਆ ਹੈ !

ਆਪਣੇ ਆਪ ਨੂੰ "ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ" ਦੇ ਗਲਤ ਨਾਂਉ ਹੇਠ ਪੇਸ਼ ਕਰ ਰਹੇ ਇਸ ਗੱਠਜੋੜ ਵੱਲੋਂ ਹੁਣ ਤੱਕ ਜੋ ਵੀ ਪ੍ਰਕਾਸ਼ਤ ਸਮੱਗਰੀ ਸਾਹਮਣੇ ਆਈ ਹੈ, ਉਸ ਵਿੱਚ ਕੁੱਝ ਵੀ ਨਵਾਂ ਨਹੀਂ ਜਿਸ ਉਤੇ ਕੋਈ ਨਵੀਂ ਟਿੱਪਣੀ ਕਰਨ ਦੀ ਲੋੜ ਮਹਿਸੂਸ ਹੁੰਦੀ ਹੋਵੇ । ਫ਼ਰਕ ਸਿਰਫ਼ ਐਨਾ ਹੈ ਕਿ ਜੋ ਪਹਿਲਾਂ "ਨਾਗੀਰੈੱਡੀ ਪ੍ਰਾਈਵੇਟ ਲਿਮਟਿਡ" ਸੀ, ਹੁਣ ਇੱਕ "ਪਬਲਿਕ ਲਿਮਟਿਡ" ਬਣ ਗਈ ਹੈ । ਅਤੇ ਹੁਣ ਇਹ ਸਾਰੀਆਂ ਤਾਕਤਾਂ, ਪੰਜਾਬ ਮਸਲੇ ਦੀ ਤਹਿ ਹੇਠ ਕੰਮ ਕਰਦੇ ਆਰਥਕ-ਸਮਾਜੀ ਕਾਰਨਾਂ ਦੀ ਕੋਈ ਛਾਣ-ਬੀਣ ਕੀਤੇ ਬਗੈਰ, ਅਤੇ ਜੂਝ ਰਹੀਆਂ ਤਾਕਤਾਂ ਵੱਲੋਂ ਜੋਰ ਨਾਲ ਉਭਾਰੀਆਂ ਜਾ ਰਹੀਆਂ ਆਰਥਕ ਤੇ ਸਿਆਸੀ ਮੰਗਾਂ ਉੱਤੇ ਕੋਈ ਵੀ ਪੋਜੀਸ਼ਨ ਲਏ ਬਗੈਰ ਹੀ ਫਿਰਕਾਪ੍ਰਸਤੀ ਦੀ ਥਵਾ ਵਿਰੋਧ ਉਕਤਾਊ ਤੇ ਬਾਂਝ ਕਿਲਕਾਰੀਆਂ ਦੀਆ ਹਲਕੇ ਮਸ਼ਕਾਂ ਕਰਿਆ ਕਰਨਗੀਆਂ ! ਇਸ ਲਈ ਇਸ "ਸਾਂਝੇ ਕਾਰੋ-ਬਾਰ" ਉੱਤੇ ਕਿਸੇ ਨਵੀਂ ਟਿੱਪਣੀ ਦੀ ਜ਼ਰੂਰਤ ਨੂੰ ਬੇਲੋੜਾ ਸਮਝਦਿਆਂ, ਅਸੀਂ ਇਹਨਾਂ 'ਫਰੰਟਵਾਦੀਆਂ' ਕੋਲੋਂ ਕੁੱਝ ਸੁਆਲਾਂ ਦੇ ਦੋ-ਟੂਕ, ਠੋਸ ਜੁਆਬਾਂ ਦੀ ਮੰਗ ਕਰਦੇ ਹਾਂ, ਤਾਂ ਕਿ ਉਹਨਾਂ ਦੇ ਸਿਆਸੀ ਈਮਾਨ ਤੇ ਤੰਤ ਦੀ ਪਰਖ ਹੋ ਸਕੇ ।

ਪਹਿਲੀ ਗੱਲ, "ਫਰੰਟ" 'ਚ ਸ਼ਾਮਲ ਸਭ ਧਿਰਾਂ ਰਸਮੀ-ਜ਼ਬਾਨੀ ਇਹ ਮੰਨਦੀਆਂ ਹਨ ਕਿ ਭਾਰਤ ਇੱਕ ਕੌਮੀ ਰਾਜ ਨਹੀਂ, ਸਗੋਂ ਬਹੁ-ਕੌਮੀ ਦੇਸ਼ ਹੈ । ਉਹ ਇਹ ਵੀ ਮੰਨਦੀਆਂ ਹਨ ਕਿ ਭਾਰਤ ਦਾ ਰਾਜਕੀ ਢਾਂਚਾ ਫੈਡਰਲ ਤੇ ਜਮਹੂਰੀ ਨਹੀਂ, ਸਗੋਂ ਏਕਾਤਮਕ ਤੇ ਗੈਰ-ਜਮਹੂਰੀ ਹੈ । ਉਹ ਇਹ ਵੀ ਜਾਣਦੀਆਂ ਹਨ ਕਿ ਇੱਕ ਬਹੁ-ਕੌਮੀ ਰਾਜ ਦੀ ਬਣਤਰ ਅੰਦਰ ਸਭ ਕੌਮਾਂ ਅਜ਼ਾਦੀ ਦਾ ਨਿੱਘ ਸਿਰਫ਼ ਤਾਂ ਹੀ ਮਾਣ ਸਕਦੀਆਂ ਹਨ ਜੇਕਰ ਢਾਂਚਾ ਜਮਹੂਰੀ ਹੋਵੇ ਤੇ ਕੌਮਾਂ ਦੀ ਏਕਤਾ ਸਵੈ-ਇਛਤ ਹੋਵੇ । ਫਿਰ ਉਹ ਇਸ ਹਕੀਕਤ ਤੋਂ ਭਲਾ ਕਿਵੇਂ ਮੁਨਕਰ ਹੋਣਗੀਆਂ ਕਿ ਭਾਰਤ ਦੀ ਜੂਹ ਅੰਦਰ ਵਸਦੀਆਂ ਵੱਖ-ਵੱਖ ਕੌਮਾਂ ਅਜ਼ਾਦ ਨਹੀਂ ਹਨ, ਸਗੋਂ ਦਾਬੇ ਤੇ ਜਬਰ ਦਾ ਸ਼ਿਕਾਰ ਹਨ ਅਤੇ ਇਸ ਇਤਿਹਾਸਕ ਪੜਾਅ 'ਤੇ ਇਹਨਾਂ ਸਭਨਾਂ ਕੌਮਾਂ ਸਾਹਮਣੇ ਇਸ ਦਾਬੇ ਤੋਂ ਮੁਕਤੀ ਦਾ ਜਮਹੂਰੀ ਕਾਰਜ ਦਰਪੇਸ਼ ਹੈ ? ਇਹ ਹਕੀਕਤ ਕਿ ਇੱਥੇ ਇਹਨਾਂ ਕੌਮਾਂ ਨੂੰ ਦਬਾਉਣ ਵਾਲੀ ਕੋਈ ਇੱਕ ਭਾਰੂ ਕੌਮੀਅਤ ਨਹੀਂ ਸਗੋਂ ਕੇਂਦਰੀ ਰਾਜ-ਮਸ਼ੀਨਰੀ ਹੈ, ਇਹਨਾਂ ਕੌਮਾਂ ਦੀ ਮੁਕਤੀ ਦੇ ਜਮਹੂਰੀ ਕਾਰਜ ਨੂੰ ਕਿਸੇ ਵੀ ਤਰ੍ਹਾਂ ਮੇਸ ਨਹੀਂ ਦਿੰਦੀ । ਕੀ "ਫਰੰਟ" ★

# ਲੁਧਿਆਣਾ ਸਿੱਖ ਸੰਮੇਲਨ ਦੀ ਰਿਪੋਰਟ

ਪਿਛਲੇ ਪੰਜ ਛੇ ਸਾਲਾਂ ਤੋਂ ਪੰਜਾਬ ਅੰਦਰ ਵਾਪਰ ਰਹੀਆਂ ਘਟਨਾਵਾਂ ਨੇ ਕਈ ਅਜਿਹੇ ਸਿਧਾਂਤਕ ਸਵਾਲਾਂ ਨੂੰ ਉਭਾਰਕੇ ਸਾਹਮਣੇ ਲੈ ਆਂਦਾ ਹੈ ਜਿਹਨਾਂ ਦੇ ਦਰੁਸਤ ਜਵਾਬ ਭਾਲਣ ਤੋਂ ਬਿਨਾਂ ਇਨਕਲਾਬੀ ਲਹਿਰਾਂ ਦਾ ਵਧਾਰਾ ਜਾਂ ਪਸਾਰਾ ਤਾਂ ਕੀ ਉਹਨਾਂ ਦੀ ਹੋਂਦ ਨੂੰ ਵੀ ਕਾਇਮ ਨਹੀਂ ਰੱਖਿਆ ਜਾ ਸਕਦਾ। ਇਸ ਅਹਿਸਾਸ ਨਾਲ ਲੈਸ ਲੁਧਿਆਣਾ ਸ਼ਹਿਰ ਦੇ ਕੁਝ ਸਿੱਖ ਬੁਧੀਜੀਵੀਆਂ ਨੇ "ਸਿੱਖ ਸਮੱਸਿਆ ਹੈ ਕੀ ? ਅਤੇ ਸਿੱਖ ਹੁਣ ਕੀ ਕਰਨ ?" ਵਿਸ਼ 'ਤੇ 31 ਅਗਸਤ ਨੂੰ ਚੋਣਵੇਂ ਸਿੱਖਾਂ ਦਾ ਇਕ ਸੰਮੇਲਨ ਬੁਲਾ ਕੇ ਅਜਿਹਾ ਹੀ ਇਕ ਪਲੇਟਫਾਰਮ ਮੁਹੱਈਆ ਕਰਨ ਦੀ ਕੋਸ਼ਿਸ਼ ਕੀਤੀ ਸੀ ਜੋ ਕਿ ਕਾਫੀ ਹੱਦ ਤੱਕ ਸਫਲ ਰਹੀ ਹੈ। ਸੰਮੇਲਨ ਵਿਚ ਉਹਨਾਂ ਗੈਰ ਸਿੱਖ ਵਿਅਕਤੀਆਂ ਅਤੇ ਜਥੇਬੰਦੀਆਂ ਨੂੰ ਵੀ ਬੁਲਾਇਆ ਗਿਆ ਜਿਹਨਾਂ ਨੇ ਸਿੱਖਾਂ 'ਤੇ ਕੇਂਦਰੀ ਹਾਕਮਾਂ ਅਤੇ ਉਹਨਾਂ ਦੇ ਸਥਾਨਕ ਹੱਥ

---

★ ਭਾਰਤ ਦੀ ਸਮਾਜਕ – ਸਿਆਸੀ ਜ਼ਿੰਦਗੀ ਦੀ ਇਸ ਕੇਂਦਰੀ ਮਰਜ਼ ਨੂੰ ਪਰਵਾਨ ਕਰਨ ਲਈ ਤਿਆਰ ਹੈ ? ਨਹੀਂ— ਕਿਉਂਕਿ ਨਾਗਾਰੈੱਡੀਏ ਬਹੁਤ ਹੀ ਨਿਸ਼ੰਗ ਰੂਪ 'ਚ ਇਹ ਪੋਜ਼ੀਸ਼ਨ ਲੈ ਰਹੇ ਹਨ ਕਿ ਪੰਜਾਬੀ ਕੌਮ ਨੂੰ ਕਿਸੇ ਕੌਮੀ ਦਾਬੇ ਤੇ ਜਬਰ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ, ਅਤੇ ਜੋ ਪੰਜਾਬ ਦੇ ਲੋਕਾਂ ਉਤੇ ਕੋਈ ਜਬਰ ਹੋ ਰਿਹਾ ਹੈ ਤਾਂ ਅਜਿਹਾ ਉਹਨਾਂ ਦੇ ਭਾਰਤੀ ਨਾਗਰਿਕ ਹੋਣ ਦੇ ਰੂਪ 'ਚ ਹੀ ਹੋ ਰਿਹਾ ਹੈ ! ਹੁਣ "ਫਰੰਟ" ਭਲਾ ਕੀ ਕਰੇਗਾ ? ਉਹ ਪੰਜਾਬ ਅੰਦਰ ਕੌਮੀ ਦਾਬੇ ਤੇ ਜਬਰ ਦੀ ਹਕੀਕਤ ਨੂੰ ਇਸ 'ਚੋਂ ਉਪਜਦੇ "**ਬੁਨਿਆਦੀ ਜਮਹੂਰੀ ਮਸਲੇ**" ਨੂੰ ਤਾਂ ਪਰਵਾਨ ਨਹੀਂ ਕਰੇਗਾ ਪਰ ਸੁਣਿਐ ਕਿ ਪੰਜਾਬ ਦੇ ਮਸਲਿਆਂ ਬਾਰੇ ਆਪਣਾ "ਜਮਹੂਰੀ ਨੁਕਤਾ-ਨਜ਼ਰ" ਪੇਸ਼ ਕਰੇਗਾ !

ਹੋਰ, ਕੋਈ ਵੀ ਮਾਰਕਸਵਾਦੀ-ਲੈਨਿਨਵਾਦੀ ਕੌਮਾਂ ਦੀ ਖੁਦਮੁਖਤਿਆਰੀ ਦਾ ਇਸ ਤੋਂ ਸਿਵਾ ਹੋਰ ਕੋਈ ਅਰਥ ਨਹੀਂ ਲਵੇਗਾ ਕਿ ਹਰ ਕੌਮ ਨੂੰ ਆਪਣੀ **ਆਰਥਕ, ਸਮਾਜੀ ਤੇ ਸਭਿਆਚਾਰਕ** ਜ਼ਿੰਦਗੀ ਵਿਉਂਤਣ ਦਾ ਸੁਤੰਤਰ ਅਧਿਕਾਰ ਹੋਵੇ। ਜਿਸ ਕੌਮ ਕੋਲ ਆਪਣੀ ਆਰਥਕ, ਸਮਾਜੀ ਤੇ ਸਭਿਆਚਾਰਕ ਜ਼ਿੰਦਗੀ ਵਿਉਂਤਣ ਦਾ ਅਧਿਕਾਰ ਨਹੀਂ, ਉਹ ਭਲਾ **ਖੁਦਮੁਖਤਿਆਰ** ਕਿਵੇਂ ਹੋ ਸਕਦੀ ਹੈ ? ਅਤੇ ਜੇਕਰ ਕੋਈ ਕੌਮ ਆਪਣੇ ਹੀ ਆਰਥਕ ਸੋਮਿਆਂ ਦੀ ਮਾਲਕ ਨਹੀਂ, ਅਤੇ ਉਸਦੇ ਆਰਥਕ (ਕੁਦਰਤੀ) ਸਾਧਨ ਕਿਸੇ ਹੋਰ ਦੀ ਮਲਕੀਅਤ ਹਨ, ਤਾਂ ਉਹ **ਖੁਦਮੁਖਤਿਆਰ** ਕਿਵੇਂ ਹੋ ਸਕਦੀ ਹੈ ? ਹੁਣ, "ਫਰੰਟ" ਰਸਮੀ ਤੌਰ 'ਤੇ ਕੌਮਾਂ ਦੀ ਖੁਦਮੁਖਤਿਆਰੀ ਦੀ ਬਾਤ ਤਾਂ ਪਾਵੇਗਾ, ਪਰ ਉਹ ਪੰਜਾਬੀ ਕੌਮ ਦੇ ਉਸਦੇ ਕੁਦਰਤੀ ਸੋਮਿਆਂ ਉਤੇ ਮਾਲਕੀ ਦੇ ਹੱਕ ਦੀ ਹਮਾਇਤ ਤੇ ਪੈਰਵਾਈ ਨਹੀਂ ਕਰੇਗਾ ! ਕਿਉਂ ? ਕਿਉਂਕਿ ਇਸ ਤਰ੍ਹਾਂ ਤਾਂ ਕੌਮਾਂ ਸੱਚਮੁੱਚ ਹੀ ਖੁਦਮੁਖਤਿਆਰ ਬਣ ਜਾਣਗੀਆਂ ! ਅਤੇ "ਫਰੰਟ" ਦਾ ਕੰਮ ਹੈ ਕੌਮਾਂ ਦੀ ਖੁਦਮੁਖਤਿਆਰੀ ਦੀ **ਗੱਲ** ਕਰਨਾ, ਨਾਂ ਕਿ ਇਸ ਨੂੰ ਹਾਸਲ ਕਰਨ ਲਈ ਜੂਝਣਾ !

ਸੋ 'ਫਰੰਟਵਾਦੀਏ' ਇਹ ਸਪਸ਼ਟ ਕਰਨ ਦੀ ਕਿਰਪਾਲਤਾ ਕਰਨ ਕਿ ਉਹਨਾਂ ਦਾ ਕੌਮਾਂ ਦੀ ਖੁਦਮੁਖਤਿਆਰੀ ਤੋਂ ਕੀ ਭਾਵ ਹੈ ਅਤੇ ਉਹ ਇਸ ਨੂੰ ਪੰਜਾਬ ਦੇ ਮਾਮਲੇ 'ਚ ਕਿਵੇਂ ਲਾਗੂ ਕਰਦੇ ਹਨ?

ਅਗਲੀ ਗੱਲ, ਕੀ "ਫਰੰਟ" ਭਾਰਤੀ ਰਾਜ ਨੂੰ ਧਰਮ-ਨਿਰਪੱਖ (ਸੈਕੂਲਰ) ਸਮਝਦਾ ਹੈ ? "ਫਰੰਟ" ਵੱਲੋਂ ਜੁਆਬ ਆਏਗਾ ਕਿ **ਨਹੀਂ**। ਫਿਰ ਜੇ ਇਹ ਰਾਜ ਸੈਕੂਲਰ ਨਹੀਂ ਤਾਂ ਇਸਦਾ ਧਾਰਮਿਕ ਘੱਟਗਿਣਤੀਆਂ ਪ੍ਰਤੀ ਰਵਈਆ ਕੀ ਹੈ ? ਕੀ ਸਾਵਾਂ ਤੇ ਜਮਹੂਰੀ ਹੈ ਜਾਂ ਵਿਤਕਰੇ ਭਰਿਆ ਤੇ ਗੈਰ-ਜਮਹੂਰੀ ? ਇੱਥੇ "ਫਰੰਟ" ਨੂੰ ਟੁੱਕ-ਟੁੱਕ ਤੇ ਸਪਸ਼ਟ ਪੋਜ਼ੀਸ਼ਨ ਲੈ ਕੇ ਆਪਣਾ "ਜਮਹੂਰੀ ਨੁਕਤਾ-ਨਜ਼ਰ" ਲਾਜ਼ਮੀ ਪੇਸ਼ ਕਰਨਾ ਪਏਗਾ। ਜੇ ਤਾਂ "ਫਰੰਟ" ਇਹ ਸਮਝਦਾ ਹੈ ਕਿ ਵੱਖ-ਵੱਖ ਧਾਰਮਿਕ ਘੱਟ ਗਿਣਤੀਆਂ ਨਾਲ ਸਟੇਟ ਵਲੋਂ ਕੋਈ ਵਾਧਾ ਨਹੀਂ ਹੋ ਰਿਹਾ, ਤਾਂ ਉਸਦੀ ਇਹ 'ਜਮਹੂਰੀ' ਸਮਝ ਉਸਨੂੰ ਮੁਬਾਰਕ ! ਜੇ "ਫਰੰਟ" ਸਮਝਦਾ ਹੈ ਕਿ ਧਾਰਮਿਕ ਘੱਟ ਗਿਣਤੀਆਂ ਨਾਲ ਵਾਧਾ ਤੇ ਵਿਤਕਰਾ ਤਾਂ ਹੋ ਰਿਹਾ ਹੈ, ਪਰ "ਕਮਿਊਨਿਸਟ" ਹੋਣ ਦੇ ਨਾਤੇ ਸਾਨੂੰ ਇਨ੍ਹਾਂ 'ਧਾਰਮਿਕ ਝਮੇਲਿਆਂ' ਨਾਲ ਕੀ ਸਰੋਕਾਰ—ਤਾਂ ਫਰੰਟ ਦੀ ਇਹ ਬੇਹੂਦਗੀ ਉਸਨੂੰ ਮੁਬਾਰਕ !! ਅਤੇ ਜੇਕਰ "ਫਰੰਟ" ਇਹਨਾਂ ਉਪਰੋਕਤ ਦੋਨੋਂ ਹੀ ਬੁਨਿਆਦੀ ਜਮਹੂਰੀ ਮਸਲਿਆਂ ਨੂੰ ਲਾਂਭੇ ਛੱਡਕੇ ਆਪਣੇ "ਜਮਹੂਰੀ ਨੁਕਤਾ-ਨਜ਼ਰ" ਰਾਹੀਂ ਫਿਰਕਾਪ੍ਰਸਤ ਤਾਕਤਾਂ ਨੂੰ ਭਾਂਜ ਦੇਣ ਬਾਰੇ ਸੋਚ ਰਿਹਾ ਹੈ— ਤਾਂ ਭਾਈ "ਫਰੰਟ" ਦਾ ਇਹ ਜੋਕਰਪੁਣਾ ਵੀ ਉਸ ਨੂੰ ਮੁਬਾਰਕ !!!

ਠੋਕਿਆਂ ਵੱਲੋਂ ਢਾਏ ਗਏ ਅਤਿਆਚਾਰਾਂ ਸਮੇਂ ਹਾਅ ਦਾ ਨਾਹਰਾ ਮਾਰਿਆ ਸੀ।

ਪ੍ਰਬੰਧਕਾਂ ਨੇ ਆਪਣੇ ਕੀ-ਨੋਟ ਵਿਚ ਸਮੱਸਿਆ ਨੂੰ ਇਸ ਤਰ੍ਹਾਂ ਪੇਸ਼ ਕੀਤਾ "ਕੌਮਾ ਦੀ ਖੁਦ ਮੁਖਤਿਆਰੀ ਦ ਹੱਕ ਦੀ ਪ੍ਰਾਪਤੀ ਇਕ ਜਗਤ ਪ੍ਰਸਿੱਧ ਇਤਿਹਾਸਕ ਅਸੂਲ ਹੈ। ਸਿੱਖ ਆਪਣੇ ਅਤੇ ਭਾਰਤ ਅੰਦਰ ਵਸਦੇ ਸਮੂਹ ਲੋਕਾਂ ਦੇ ਸਤਿਕਾਰ ਲਈ ਜੂਝਦੇ ਰਹੇ ਹਨ ਅਤੇ ਜੂਝਦੇ ਰਹਿਣਗੇ। ਆਪਣੀ ਵਸੋਂ ਵਾਲੇ ਇਲਾਕੇ ਨਾਲ ਘਰ ਵਰਗੀ ਅਪਣਤ, ਉਸਦੇ ਕੁਦਰਤੀ ਸਾਧਨਾਂ ਦੀ ਤੇ ਉਥੇ ਵਸਦੇ ਮਨੁਖਾਂ ਦੀ ਕਿਰਤ-ਕਮਾਈ ਦੀ ਰਾਖੀ, ਸਭਨਾਂ ਲੋਕਾਂ ਵਾਂਗੂੰ ਸਿੱਖਾਂ ਦਾ ਮਨੁੱਖੀ ਅਤੇ ਜਨਮ ਸਿਧ ਅਧਿਕਾਰ ਹੈ। ਸਿੱਖਾਂ ਲਈ ਇਸ ਅਧਿਕਾਰ ਦੀ ਪੂਰੀ ਵਰਤੋਂ ਤੇ ਪਾਲਣਾ ਕਰਨਾ ਬਿਲਕੁਲ ਯੋਗ ਹੈ......।" ਅਤੇ ਨਾਲ ਹੀ ਕਿਹਾ ਕਿ ਮੌਜੂਦਾ ਰਵਾਇਤੀ ਸਿੱਖ ਲੀਡਰਸ਼ਿਪ ਇਸ ਸਮੱਸਿਆ ਦੇ ਹੱਲ ਲਈ ਸੰਦ ਨਹੀਂ ਬਣ ਸਕਦੀ। "ਅੱਜ ਦੀ ਜੁਝਾਰ ਸਿੱਖ ਲਹਿਰ" ਦਾ ਰੀਵੀਊ ਕਰਦਿਆਂ ਇਸ ਅੰਦਰਲੀਆਂ ਕਈ ਭੁਟਕਣਾ ਨੂੰ ਟਿਕਿਆ ਗਿਆ ਅਤੇ ਖਾਲਸਤਾਨੀ ਲੀਡਰਸ਼ਿਪ ਦੀਆਂ ਸੀਮਤਾਈਆਂ ਨੂੰ ਨੋਟ ਕੀਤਾ ਗਿਆ। ਕੀ-ਨੋਟ ਮੁਤਾਬਕ "ਇਥੇ ਇਹ ਭੀ ਯਾਦ ਰੱਖਣ ਦੀ ਲੋੜ ਹੈ ਕਿ ਰਾਜ ਮੰਗਣ ਵਾਲੇ ਸਿੱਖਾਂ ਦਾ ਇਕ ਬਹੁਤ ਵੱਡਾ ਹਿੱਸਾ ਰਾਜ ਸੱਤਾ...ਅੱਜ ਦੀ ਸਰਕਾਰ ਵਲੋਂ ਸਿੱਖਾਂ ਦੇ ਬਾਣੇ, ਬਾਣੀ ਗੁਰਧਾਮਾਂ ਅਤੇ ਆਮ ਸਿੱਖਾਂ ਵਿਰੁੱਧ ਕੀਤੀ ਨਸਲਵਾਦੀ, ਪੱਤ ਰੋਲਣ ਤੇ ਵਿਨਾਸ਼ਕਾਰੀ ਕਾਰਵਾਈ ਵਿਰੁਧ ਗੁਸੇ ਅਤੇ ਬਦਲੇ ਦੀ ਭਾਵਨਾ ਦੇ ਪ੍ਰਗਟਾਵੇ ਵਜੋਂ ਮੰਗਦਾ ਹੈ ਅਤੇ ਅਜਿਹੀ ਦੁਸ਼ਟ ਸਰਕਾਰ ਨਾਲੋਂ ਰਿਸ਼ਤਾ ਨਾਤਾ ਤੋੜਨਾ ਲੋਚਦਾ ਹੈ...... ......ਪਰ ਜਬਰ ਜ਼ੁਲਮ ਦਾ ਉਤਰ ਕੇਵਲ ਬਦਲੇ ਦੀ ਭਾਵਨਾ ਨਾਲ ਨਹੀਂ ਦਿਤਾ ਜਾ ਸਕਦਾ ਜਦ ਤਕ ਉਸ ਨਾਲ ਰਾਜਨੀਤੀ ਦੇ ਦਾਅ ਪੇਚ ਨਾ ਜੋੜੇ ਜਾਣ.........ਵੰਨ-ਸੁਵੰਨੇ ਮੁਖਟ ਪਾਈ ਸਿਧਾਂਤਕ, ਰਾਜਨੀਤਕ ਆਰਥਿਕ ਅਤੇ ਸਭਿਆਚਾਰਕ ਖੇਤਰਾਂ ਵਿਚ ਬੈਠਾ ਦੁਸ਼ਮਣ ਪਛਾਨਣ ਦੀ ਲੋੜ, ਤੀਖਣ ਬੁਧੀ ਤੇ ਈਮਾਨਦਾਰੀ ਦੀ ਮੰਗ ਕਰਦੀ ਹੈ। ਇਸ ਪੈਂਤੜੇ ਲਈ ਬਹੁਤ ਹੀ ਸੁਲਝੀ ਹੋਈ ਰਾਜਨੀਤੀ ਅਤੇ ਗਿਆਨ 'ਤੇ ਅਧਾਰਤ ਨੀਤੀ ਦੀ ਲੋੜ ਹੈ। ਸਾਦਾ ਜਿਹੇ ਅਵਲ ਟਵਲੇ ਫਾਰਮੂਲੇ ਅਤੇ ਸਿੱਧ ਪਧਰੇ ਅਗਿਆਨਤਾ ਭਰੇ ਨਾਅਰੇ, ਸਿੱਖਾਂ ਨੂੰ ਹੋਰ ਮੁਸੀਬਤਾਂ 'ਚ ਪਾਉਣਗੇ। ਭਾਵੇਂ ਉਹਨਾਂ ਨੂੰ ਕਿੰਨੀਆਂ ਵੀ ਕੁਰਬਾਨੀਆਂ ਦਾ ਨਾਮ ਕਿਉਂ ਨਾ ਦਿਤਾ ਜਾਵੇ। ਕੇਵਲ ਸ਼ਰਧਾਂਜਲੀਆਂ ਭੇਂਟ ਕਰਨ ਅਤੇ ਸ਼ਹੀਦਾਂ ਦ ਪਰਿਵਾਰਾਂ ਨੂੰ ਸਨਮਾਨਤ ਕਰਨ ਨਾਲ ਗੱਲ ਬਣਦੀ ਨਹੀਂ।" ਸਿੱਖ ਲਹਿਰ ਅੰਦਰਲੀਆਂ ਕੁੱਝ ਭੁਟਕਣਾ ਨੂੰ ਦਰੁਸਤ ਕਰਨ ਲਈ ਪ੍ਰਬੰਧਕਾਂ ਨੇ ਜ਼ੋਰ ਨਾਲ ਆਪਣੇ ਪੇਪਰ ਵਿਚ ਕਿਹਾ "ਇਕ ਫਿਰਕੇ ਦੇ ਲੋਕਾਂ ਦੇ ਵਿਲਵਾਂ ਅਤੇ ਨੌਸ਼ਹਿਰਾ ਪੰਨੂਆਂ ਵਿਚ ਹੋਏ ਕਤਲਾਂ ਦੀ ਕਹਾਣੀ, ਜਿਸਦੀ ਜੁੰਮੇਵਾਰੀ ਅੱਜੇ ਤੱਕ ਸਿੱਧ ਨਹੀਂ ਹੋ ਸਕੀ, ਸਿੱਖ ਵਿਰੋਧੀ ਫਿਰਕਾਪ੍ਰਸਤ ਸਰਕਾਰੀ ਪ੍ਰਬੰਧਕਾਂ ਨੇ ਪੂਰੀ ਕਾਮਯਾਬੀ ਨਾਲ ਵਰਤੀ। ਦਿੱਲੀ ਦੇ ਹਾਕਮਾਂ ਦਾ ਪੈਂਤੜਾ ਕਿ ਸਿੱਖ ਸੰਘਰਸ਼ ਨੂੰ ਦਬਾਉਣ ਲਈ ਪੰਜਾਬੋਂ ਬਾਹਰ ਵਸਦੇ ਸਿੱਖਾਂ ਨੂੰ ਯਰਗਮਾਲ (Hostages) ਵਜੋਂ ਵਰਤਿਆਂ ਜਾਵੇ ਕਾਫੀ ਪੁਰਾਣਾ ਸੀ ਜਿਸਦਾ ਪ੍ਰਗਟਾਵਾ ਪਹਿਲੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੇ ਇਕ ਭਾਸ਼ਨ ਵਿਚ ਦਿਤਾ ਅਤੇ ਜਿਸਦਾ ਕਾਫੀ ਕਰੜਾ ਉਤਰ ਸੰਤ ਭਿੰਡਰਾਂਵਾਲਿਆਂ ਨੇ ਉਸੇ ਤਰਾਂ ਦੇ ਹੀ ਆਪਣੇ ਇਕ ਭਾਸ਼ਨ ਵਿਚ ਦਿਤਾ। ਇਹ ਕਰਮ ਤੇ ਪ੍ਰਤੀਕਰਮ [Action, reaction] ਅੱਜ ਤੱਕ ਪ੍ਰਚਲਤ ਹੈ ਜਿਸਦੀ ਰੋਕਥਾਮ ਬਹੁਤ ਜ਼ਰੂਰੀ ਹੈ। ਟਕਰਾਅ ਦੀ ਇਸ ਨੀਤੀ ਵਿਚ ਕਈ ਇਸ ਕਿਸਮ ਦੀਆਂ ਗਲਤ ਘਟਨਾਵਾਂ ਹੋਈਆਂ ਜਿਹੜੀਆ ਸਿਖ ਸੰਘਰਸ਼ ਦੇ ਆਗੂਆਂ ਦੇ ਵਸੋਂ ਬਾਹਰ ਸਨ ਸਾਡਾ ਭਾਵ ਲੁੱਟਾਂ ਖੋਹਾਂ, ਜਾਂ ਬੇਦੋਸ਼ਿਆਂ ਦੀ ਮਾਰਮਰਾਈ ਤੋਂ ਹੈ..... ਅਜੋਕੀ ਸਿਖ ਲਹਿਰ ਵਿਚ ਭਾਰਤ ਦੇ ਦਿਲੀ ਵਿਚ ਬੈਠੇ ਸਿਖ ਦੁਸ਼ਮਣ ਹਾਕਮਾਂ ਨੂੰ ਸਮੁੱਚੇ ਦੇਸ਼ ਅਤੇ ਇਸ ਵਿਚ ਵਸਦੀ ਸਮੁੱਚੀ ਹਿੰਦੂ ਵਸੋਂ ਨਾਲ ਜੋੜ ਕੇ ਉਸਨੂੰ ਇਕ ਸਮੁੱਚਾ ਸੰਗਠਨ ਮੰਨਕੇ ਆਪਣਾ ਦੁਸ਼ਮਣ ਗਰਦਾਨ, ਸਿੱਖ ਲਹਿਰ ਦੀ ਰਾਜਨੀਤਕ ਪਹੁੰਚ ਅਪਨਾਉਣ ਵਿਚ ਇਕ ਵੱਡੀ ਗਲਤੀ ਸੀ। ਅਸਲ ਵਿਚ ਦਿਲੀ ਦਰਬਾਰ ਦੀ ਵੀ ਇਹੋ ਰਾਜਨੀਤਕ ਚਾਲ ਸੀ। ਦਿਲੀ ਦਾ ਹਾਕਮ ਸਿੱਖ ਦੁਸ਼ਮਣ ਜ਼ਰੂਰ ਸੀ, ਪਰ ਭਾਰਤ ਦੀ ਸਾਰੀ ਹਿੰਦੂ ਵਸੋਂ ਸਿੱਖ ਦੁਸ਼ਮਣ ਹੋ ਗਈ। ਇਹ ਗੱਲ ਉਕਾ ਹੀ ਗਲਤ ਸੀ ਤੇ ਹੈ।"

ਪ੍ਰਬੰਧਕਾਂ ਦੇ ਪਰਚੇ ਵਿਚਭਾਵੇਂ ਪੰਜਾਬ ਦੇ ਕੁਦਰਤੀ ਸਾਧਨਾਂ ਅਤੇ ਕਿਰਤ-ਕਮਾਈ ਦੀ ਲੁੱਟ-ਖਸੁੱਟ ਨੂੰ ਤਾਂ ਠੀਕ ਨੋਟ ਕੀਤਾ ਸੀ ਪਰ ਲੁਟੇਰਿਆਂ ਦਾ, ਖਾਸ ਤੌਰ 'ਤੇ ਸਾਮਰਾਜੀਆਂ ਦਾ ਸਪਸ਼ਟ ਰੂਪ 'ਚ ਜਿਕਰ ਨਹੀਂ ਕੀਤਾ ਗਿਆ ਸੀ। ਸਿਖ ਲਹਿਰ ਭਾਰਤ ਤੋਂ ਬਾਹਰਲੇ ਦੇਸ਼ਾਂ ਦੀਆਂ ਹਕੂਮਤਾਂ ਅਤੇ ਇਨਕਲਾਬੀ ਲਹਿਰਾਂ ਨਾਲ ਕਿਹੋ ਜਿਹਾ ਸਬੰਧ ਰੱਖੇ, ਇਸ ਬਾਰੇ ਵੀ ਪਰਚੇ 'ਚ ਕੁਝ ਨਹੀਂ ਸੀ। ਇਹ ਦੋਵੇਂ ਨੁਕਤੇ ਇਨਕਲਾਬੀ ਕਮਿਊਨਿਸਟ ਪਾਰਟੀ ਦੇ ਬੁਲਾਰੇ ਕਾਮਰੇਡ ਮਾਲਵਿੰਦਰ ਸਿੰਘ ਮਾਲੀ ਨੇ ਆਪਣੇ ਪਰਚੇ 'ਚ ਬਾਖੂਬ ਉਠਾਏ ਸਨ। ਕਾਮਰੇਡ ਮਾਲੀ ਨੇ ਸਿੱਖ ਲਹਿਰ ਅੰਦਰ

ਫੁਟਾਂ ਤੇ ਏਕਤਾ ਦੇ ਮਸਲੇ ਅਤੇ ਲੀਡਰਸ਼ਿਪ ਵਲੋਂ ਬਾਰ ਬਾਰ ਕੀਤੀਆਂ ਗਈਆਂ ਗਦਾਰੀਆਂ ਦਾ ਜਮਾਤੀ ਵਿਸ਼ਲੇਸ਼ਣ ਪੇਸ਼ ਕਰਦਿਆਂ ਸਿਖਾਂ ਨੂੰ ਧਨਾਢ ਸਿੱਖਾਂ ਤੋਂ ਬਚਕੇ ਰਹਿਣ ਅਤੇ ਦਲਿਤਾਂ ਨਾਲ ਨੇੜਤਾ ਵਧਾਉਣ ਦੀ ਸਲਾਹ ਦਿਤੀ। ਉਸਨੇ ਪੰਜਾਬੀ ਕੌਮ ਦੀ ਅਤੇ ਸਿੱਖ ਸਮੱਸਿਆ ਦੇ ਆਪਸੀ ਸਬੰਧਾਂ ਦਾ ਜਿਕਰ ਕਰਦਿਆਂ ਕਿਹਾ ਕਿ ਭਾਵੇਂ ਇਹ ਦੋ ਵੱਖ ਵੱਖ ਸਮੱਸਿਆਵਾਂ ਹਨ ਪਰ ਇਕ ਦੂਜੀ ਨਾਲ ਕਾਫੀ ਨੇੜਿਓਂ ਜੁੜੀਆਂ ਹੋਈਆਂ ਹਨ। ਦੋਵਾਂ ਦੀ ਜੜ੍ਹ ਦਿਲੀ ਦਰਬਾਰ ਹੈ।

ਪੰਜਾਬੀ ਲੋਕ ਮੰਚ ਚੰਡੀਗੜ੍ਹ ਵਲੋਂ ਪੇਸ਼ ਕੀਤੇ ਗਏ ਪਰਚੇ ਵਿਚ ਪੰਜਾਬੀ ਹਿੰਦੂਆਂ ਦੀਆਂ ਵੱਖ-2 ਪਰਤਾਂ ਦੇ ਰੋਲ ਬਾਰੇ ਕਾਫੀ ਵਿਸਥਾਰ 'ਚ ਜਿਕਰ ਕਰਕੇ ਇਹ ਸਿੱਟਾ ਕਢਿਆ ਗਿਆ ਕਿ ਪੰਜਾਬ ਦੇ ਸਵਰਨ ਜਾਤੀ ਹਿੰਦੂ ਨੂੰ ਸਾਂਝੇ ਪੰਜਾਬੀ ਸੰਘਰਸ਼ 'ਚ ਹਿਸਾ ਬਨਾਉਣਾ ਨਾ ਮੁਮਕਿਨ ਤਾਂ ਨਹੀਂ ਕਿਹਾ ਜਾ ਸਕਦਾ ਪਰ ਅਤਿਅੰਤ ਮੁਸ਼ਕਲ ਹੋਵੇਗਾ। ਇਹ ਸੰਭਵ ਹੈ ਕਿ ਸਵਰਨ ਹਿੰਦੂਆਂ ਦਾ ਇਕ ਗਰੀਬ ਹਿਸਾ ਧਨਾਢ ਹਿੰਦੂਆਂ ਦੇ ਜੰਜਾਲ 'ਚੋਂ ਨਿਕਲਕੇ ਹੌਲੀ ਹੌਲੀ ਕੁਦਰਤੀ ਸਮਾਜਕ ਪ੍ਰਕਿਰਿਆ ਵਿਚ ਸ਼ਾਮਲ ਹੋ ਕੇ ਪੰਜਾਬੀ ਲੋਕਾਂ ਦੇ ਸਮੂਹ ਦਾ ਹਿੱਸਾ ਬਣ ਜਾਵੇ। ਇਸ ਕਿਰਿਆ ਨੂੰ ਤੇਜ਼ ਕਰਨ ਲਈ ਪੰਜਾਬੀ ਸਿੱਖਾਂ ਨੂੰ ਲਗਾਤਾਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਵਰਨ ਹਿੰਦੂਆਂ ਦੇ ਗਰੀਬ ਹਿੱਸੇ ਨੂੰ ਪੰਜਾਬ ਦੇ ਸਾਂਝੇ ਸੰਘਰਸ਼ 'ਚ ਸ਼ਾਮਲ ਕੀਤਾ ਜਾਵੇ ਜਿਥੋਂ ਤੱਕ ਉਦਯੋਗ ਅਤੇ ਵਪਾਰ 'ਤੇ ਭਾਰੂ ਧਨਾਢ ਸਵਰਨ ਹਿੰਦੂਆਂ ਦਾ ਸਬੰਧ ਹੈ ਇਸ ਵਕਤ ਇਉਂ ਲਗਦਾ ਹੈ ਕਿ ਇਹ ਵਰਗ ਪੰਜਾਬ ਦੇ ਹੱਕਾਂ ਦੀ ਵਿਰੋਧਤਾ ਆਖਰੀ ਦਮ ਤੱਕ ਕਰੇਗਾ। ਪੰਜਾਬ ਵਿਚ ਵੱਸਿਆ ਬਾਲਮੀਕੀ ਹਿੰਦੂ, ਜੋ ਆਮ ਤੌਰ'ਤੇ ਸਵਰਨ ਹਿੰਦੂਆਂ ਦੇ ਪਿਛਲੱਗ ਰਹੇ ਹਨ, ਸ਼ਾਇਦ ਸਮਾਂ ਪਾਕੇ ਪੰਜਾਬੀ ਸਭਿਆਚਾਰ ਵਿਚ ਰਚ-ਮਿਚ ਜਾਏ ਪਰ ਆਉਣ ਵਾਲੇ ਨਜਦੀਕੀ ਭਵਿੱਖ ਵਿਚ ਉਸਦਾ ਰੋਲ ਡਾਵਾਂ ਡੋਲ ਜਾਂ ਨਾਂਹ ਪੱਖੀ ਹੀ ਰਹੇਗਾ। ਪੰਜਾਬ ਦੇ ਦਲਿਤਾਂ ਨੇ ਨਾਂ ਤਾਂ ਪੰਜਾਬ ਦੇ ਸੰਘਰਸ਼ ਦੀ ਵਿਰੋਧਤਾ ਕੀਤੀ ਹੈ ਅਤੇ ਨਾ ਹੀ ਮਦਦ। ਪੰਜਾਬ ਦਾ ਕੁਦਰਤੀ ਜੰਮ ਪਲ ਅਤੇ ਪੇਂਡੂ ਸਭਿਅਤਾ ਦਾ ਹਿੱਸਾ ਹੋਣ ਕਰਕੇ ਪੰਜਾਬੀ ਸਭਿਅਤਾ ਦਾ ਇਕ ਨਰੋਆ ਹਿੱਸਾ ਹੈ। ਥੋੜ੍ਹਾ ਜਿਹਾ ਯਤਨ ਵੀ ਉਹਨਾਂ ਨੂੰ ਪੰਜਾਬੀ ਸੰਘਰਸ਼ ਵਲ ਮਲੋਮਲੀ ਖਿੱਚ ਲਿਆਵੇਗਾ। ਪੰਜਾਬੀ ਲੋਕ ਮੰਚ ਦੇ ਇਸ ਪੇਪਰ ਵਿਚ ਕੌਮਾਂ ਦੇ ਆਪਾ ਨਿਰਣੇ ਦੇ ਹੱਕ, ਕੌਮਾਂ ਦੀ ਰਜਾਮੰਦੀ ਦੇ ਅਧਾਰ 'ਤੇ ਫੈਡਰਲ ਢਾਂਚੇ, ਅਜਿਹੇ ਢਾਂਚੇ ਲਈ ਜੂਝ ਰਹੀਆਂ ਤਾਕਤਾਂ ਦੇ ਸਾਂਝੇ ਮੋਰਚੇ ਅਤੇ ਦੁਨੀਆਂ ਭਰ ਦੇ ਆਪਣੇ ਹੱਕਾਂ ਲਈ ਜੂਝਦੇ ਲੋਕਾਂ ਨਾਲ ਹਰ ਸੰਭਵ ਕਿਸਮ ਦੀ ਮਦਦ ਲੈਣ ਦੇਣ ਦਾ ਯਤਨ ਕਰਨਾ ਪਰ ਵੱਡੀਆਂ ਰਾਜ ਸ਼ਕਤੀਆਂ ਵੱਲੋਂ ਆਪਣੇ ਸੰਘਰਸ਼ ਨੂੰ ਹੱਥ ਠੋਕਾ ਵਜੋਂ ਵਰਤਣ ਦੇ ਖਤਰੇ ਵੱਲੋਂ ਲਗਾਤਾਰ ਚੇਤਨ ਰਹਿਣ ਦੇ ਨੁਕਤਿਆਂ ਤੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿਤਾ ਗਿਆ।

ਇਹਨਾਂ ਤਿੰਨ ਪਰਚਿਆਂ ਤੋਂ ਇਲਾਵਾ ਪ੍ਰਬੰਧਕਾਂ ਨੂੰ 14 ਹੋਰ ਪਰਚੇ ਪ੍ਰਾਪਤ ਹੋਏ ਹਨ। ਸੰਮੇਲਨ ਵਿਚ 800 ਦੇ ਕਰੀਬ ਡੈਲੀਗੇਟਾਂ ਵਿੱਚੋਂ 40 ਕੁ ਨੇ ਆਪ ਆਪਣੇ ਵਿਚਾਰ ਰੱਖੇ ਜਦੋਂ ਕਿ 400 ਦੇ ਕਰੀਬ ਨੇ ਸੰਮੇਲਨ ਦੇ ਸਮਾਪਤੀ ਤੇ ਆਪੋ ਆਪਣੀਆਂ ਲਿਖਤੀਆਂ ਟਿਪਣੀਆਂ ਜਮ੍ਹਾ ਕਰਵਾਈਆਂ। ਡੈਲੀਗੇਟਾਂ ਦੀ ਵੱਡੀ ਗਿਣਤੀ ਬੁਧੀਜੀਵੀਆਂ ਅਤੇ ਸਰਗਰਮ ਸਿਆਸੀ ਕਰਿੰਦਿਆਂ ਦੀ ਸੀ ਅਤੇ ਸਾਰੀ ਕਾਰਵਾਈ "ਰੋਸ ਨਾ ਕੀਜੈ, ਉੱਤਰ ਦੀਜੈ" ਦੀ ਭਾਵਨਾ ਮੁਤਾਬਕ ਸੀ। ਇਹ ਸਾਰੇ ਤੱਥ ਜਿਥੇ ਵਿਚਾਰ ਅਧੀਨ ਸਮੱਸਿਆ ਦੀ ਗੰਭੀਰਤਾ ਨੂੰ ਦਰਸਾਉਂਦੇ ਹਨ ਉਥੇ ਲੋਕਾਂ ਦੇ ਇਸ ਨਾਲ ਡੂੰਘੇ ਸਰੋਕਾਰ ਅਤੇ ਲਗਾਅ ਦਾ ਵੀ ਪ੍ਰਗਟਾਅ ਕਰਦੇ ਹਨ। ਸ਼ਾਇਦ ਹੀ ਕੋਈ ਅਜਿਹਾ ਬੁਲਾਰਾ ਹੋਵੇ ਜਿਸਨੇ ਧਨਾਢਾਂ ਦੀ ਰਵਾਇਤੀ ਲੀਡਰਸ਼ਿਪ ਨੂੰ ਬਦਲ ਕੇ ਨਵੀਂ ਲੀਡਰਸ਼ਿਪ ਉਭਾਰਨ'ਤੇ ਜ਼ੋਰ ਨਾ ਦਿਤਾ ਹੋਵੇ।

ਲੁਧਿਆਣਾ ਸਿੱਖ ਸੰਮੇਲਨ ਆਪਸੀ ਵਿਚਾਰਾਂ ਨੂੰ ਮੁਢਲੇ ਰੂਪ 'ਚ ਸਾਂਝੇ ਕਰਨ 'ਚ ਸਫਲ ਹੋ ਨਿਬੜਿਆ ਹੈ। ਲਹਿਰ ਵੱਲੋਂ ਉਭਾਰੇ ਗਏ ਸਿਧਾਂਤਕ ਸਵਾਲਾਂ ਨੂੰ ਸਮੂਹਕ ਰੂਪ 'ਚ ਹੱਲ ਕਰਨ ਦੀ ਕੋਸ਼ਿਸ਼ ਵੱਜੋਂ ਇਕੱਲੇ ਇਕੱਲੇ ਸਵਾਲ ਨੂੰ ਲੈ ਕੇ ਹੋਰ ਸੰਮੇਲਨ ਵੀ ਬੁਲਾਏ ਜਾਣੇ ਚਾਹੀਦੇ ਹਨ। ਸਮੂਹਕ ਕੋਸ਼ਿਸ਼ਾਂ ਲਈ ਸੰਮੇਲਨ ਸਿਰਫ ਇਕ ਰੂਪ ਹੀ ਹੁੰਦਾ ਹੈ। ਹੋਰ ਢੁਕਵੇਂ ਰੂਪ ਭਾਲਣ ਲਈ ਵੀ ਜਤਨ ਕਰਨ ਦੀ ਲੋੜ ਹੈ ਤਾਂ ਕਿ ਉਹਨਾਂ ਹਲਕਿਆਂ, ਜੋ ਕਿ ਸਰਕਾਰੀ ਜਬਰ ਕਾਰਨ ਖੁਲੇ ਸੰਮੇਲਨਾਂ 'ਚ ਸ਼ਾਮਲ ਨਹੀਂ ਹੋ ਸਕਦੇ, ਦੀ ਸਮੂਲੀਅਤ ਵੀ ਯਕੀਨੀ ਬਣਾਈ ਜਾ ਸਕੇ। ●

## *ਚਿੱਠੀ ਪੱਤਰ, ਚੰਦਾ ਤੇ ਸਹਾਇਤਾ ਭੇਜਣ ਲਈ ਪਤਾ :*

**ਸੰਪਾਦਕ ਪੈਗਾਮ**

**1 ਏ, ਗੋਲਾ ਮਾਰਕੀਟ, ਮਿਲਾਪ ਰੋਡ**

**ਜਲੰਧਰ—144001**

# ਸਿੱਖ ਸਮੱਸਿਆ ਨਾਲ ਸਬੰਧਤ ਕੁਝ ਅਹਿਮ ਨੁਕਤੇ

[“ਇਨਕਲਾਬੀ ਕਮਿਊਨਿਸਟ ਪਾਰਟੀ ਵਲੋਂ 31 ਅਗਸਤ ਨੂੰ ਲੁਧਿਆਣਾ ਵਿਖੇ ਹੋਏ ਸਿੱਖ ਸੰਮੇਲਨ ਵਿਚ ਸਿੱਖ ਸਮੱਸਿਆ ਕੀ ਹੈ ? ਤੇ ਸਿੱਖ ਕੀ ਕਰਨ ?” ਸਬੰਧੀ,ਪਰਚਾ ਪੇਸ਼ ਕੀਤਾ ਗਿਆ ਸੀ । ਉਸ 'ਚੋਂ ਕੁਝ ਵੱਧ ਅਹਿਮ ਅੰਸ਼, ਅਸੀਂ ਇਥੇ ਪਾਠਕਾਂ ਦੀ ਜਾਣਕਾਰੀ ਲਈ ਛਾਪ ਰਹੇ ਹਾਂ—ਸੰਪਾਦਕ]

ਸਿਰਫ ਇਹ ਕਹਿ ਦੇਣਾ ਕਿ ਅੱਜ ਵੀ ਸਿੱਖਾਂ ਦਾ ਦੁਸ਼ਮਣ ਦਿਲੀ ਦਰਬਾਰ ਹੈ, ਅਧੂਰਾ ਸੱਚ ਹੈ । ਅਧੂਰਾ ਇਸ ਪੱਖੋਂ ਕਿ ਇਹ ਇਸ ਗੱਲ ਦਾ ਕੋਈ ਜਵਾਬ ਨਹੀਂ ਦਿੰਦਾ ਕਿ “ਮਾਸਕੋ” ਸਿੱਖਾਂ ਨਾਲ ਦੁਸ਼ਮਣੀ ਕਿਉਂ ਕਮਾ ਰਿਹਾ ਹੈ ? ਲੰਡਨ ਵਿੱਚ ਸਿੱਖਾਂ 'ਤੇ ਝੂਠੇ ਕੇਸ ਕਿਉਂ ਬਣਾਏ ਜਾ ਰਹੇ ਹਨ ? ਕਨੇਡਾ ਸਰਕਾਰ ਭਾਰਤ ਸਰਕਾਰ ਦੀ ਸਿੱਖ ਵਿਰੋਧੀ ਮੁਹਿੰਮ ਵਿਚ ਕਿਉਂ ਹੱਥ ਵਟਾ ਰਹੀ ਹੈ ? ਅਤੇ ਅਮਰੀਕੀ ਜੇਲ੍ਹਾਂ 'ਚ ਗੁਰਪਰਤਾਪ ਸਿੰਘ ਵਿਰਕ ਵਰਗੇ ਸਿੱਖ ਬੁਧੀਜੀਵੀ ਕਿਉਂ ਰੂਲ ਰਹੇ ਹਨ ?

ਗੁਰੂ ਸਾਹਿਬਾਂ ਦੇ ਸਮਿਆਂ ਤੋਂ ਬਾਅਦ ਸੰਸਾਰ ਬਹੁਤ ਬਦਲ ਚੁਕਿਆ ਹੈ । ਕਈ ਪੱਖਾਂ ਤੋਂ ਤਾਂ ਇਹ ਇੱਕ ਜੁੱਟ ਇਕਾਈ ਵਜੋਂ ਵਿਚਰ ਰਿਹਾ ਹੈ । ਇਸੇ ਕਾਰਨ ਸੰਸਾਰ ਦੇ ਕਿਸੇ ਵੀ ਕੋਨੇ 'ਚ ਵਾਪਰਨ ਵਾਲੀ ਕੋਈ ਮਹੱਤਵਪੂਰਨ ਘਟਨਾ ਫੌਰੀ ਹੀ ਕੌਮਾਂਤਰੀ ਅਕਾਰ (Dimensions) ਅਖ-ਤਿਆਰ ਕਰ ਜਾਂਦੀ ਹੈ । ਸੰਸਾਰ ਅੰਦਰਲੀ ਹਰ ਤਾਕਤ ਨੂੰ ਉਸ ਵਾਰੇ ਆਪਦਾ ਸਟੈਂਡ ਲੈਣਾ ਅਤੇ ਪ੍ਰਤੀਕਰਮ ਜ਼ਾਹਰ ਕਰਨਾ ਪੈਂਦਾ ਹੈ । ਵੱਡੀਆਂ ਤਾਕਤਾਂ (ਅਮਰੀਕੀ ਤੇ ਰੂਸੀ ਚੁੱਟ) ਦੇ ਪ੍ਰਤੀਕ੍ਰਮ ਉਹਨਾਂ ਦੇ ਸਰਮਾਏ ਦੇ ਪਸਾਰੇ ਦੀਆਂ ਲੋੜਾਂ ਮੁਤਾਬਕ ਹੁੰਦੇ ਹਨ । ਸਰਮਾਏ ਦਾ ਪਸਾਰਾ ਹਰ ਜਗਾਹ ਗਲਬੇ ਦੀ ਮੰਗ ਕਰਦਾ ਹੈ । ਗਲਬੇ ਦਾ ਮਕਸਦ ਪਛੜੀਆਂ ਤੇ ਕਮਜ਼ੋਰ ਕੌਮਾਂ ਤੇ ਦੇਸ਼ਾਂ ਦੀਆਂ ਮੰਡੀਆਂ 'ਤੇ ਕੰਟਰੋਲ ਸਥਾਪਤ ਕਰਨਾ ਹੁੰਦਾ ਹੈ ਤਾਂ ਜੋ ਉਥੋਂ ਸਸਤੇ ਭਾਅ 'ਤੇ ਕੱਚਾ ਮਾਲ ਖਰੀਦਕੇ ਅਤੇ ਆਪਣਾ ਤਿਆਰ ਸ਼ੁਦਾ ਮਾਲ ਮਹਿੰਗੇ ਭਾਅ ਵੇਚਕੇ ਲੋਕਾਂ ਦੀ ਕਿਰਤ ਕਮਾਈ ਦੀ ਲੁੱਟ ਕੀਤੀ ਜਾ ਸਕੇ । ਅਜਿਹਾ ਕਰਨ ਲਈ ਉਹ ਸਥਾਨਕ ਲੋਕਾਂ 'ਚੋਂ ਕੁਝ ਅਜਿਹੇ ਜ਼ਮੀਰ ਫਰੋਸ਼ ਵਿਅਕਤੀ ਭਾਲਦੇ ਹਨ ਜਿਹੜੇ ਚੰਦ ਕੁ ਟੁਕੜਿਆਂ ਬਦਲੇ ਆਪਣੇ ਹੀ ਭਾਈਚਾਰੇ ਦੇ ਲੋਕਾਂ ਦੀ ਛਿੱਲ ਲਾਹੁਣ ਵਿਚ ਉਹਨਾਂ ਦੀ ਮੱਦਤ ਕਰਨ ਲਈ ਤਿਆਰ ਹੁੰਦੇ ਹਨ । ਭਾਰਤ ਦੇ ਕਿਸੇ ਵੀ ਵਡੇ ਸਰਮਾਏਦਾਰ (ਟਾਟਾ ਬਿਰਲਾ ਤੇ ਰੌਣਕ ਸਿੰਘ ਵਗੈਰਾ), ਚੋਟੀ ਦੇ ਸਿਆਸੀ ਆਗੂਆਂ ਜਾਂ ਪਬਲਿਕ ਖੇਤਰ ਦੇ ਅਦਾ-ਰਿਆਂ ਵਿਚ ਉਚੇ ਅਹੁਦਿਆ 'ਤੇ ਸਜੇ ਬੈਠੇ ਅਫਸਰਾਂ ਨੂੰ ਲੈ ਲਵੋ, ਉਹਨਾਂ ਦੇ ਕਿਸੇ ਨਾ ਕਿਸੇ ਵੱਡੀ ਤਾਕਤ ਨਾਲ ਕੁਨੈ-ਕਸ਼ਨ ਸੌਖ ਨਾਲ ਹੀ ਲੱਭ ਪੈਣਗੇ । ਦਿੱਲੀ ਦਰਬਾਰ 'ਤੇ ਕਾਬਜ਼ ਇਸ ਕੋੜਮੇ ਦੀਆਂ ਕਰਤੂਤਾਂ ਸਦਕਾ ਹੀ ਹੈ ਕਿ ਅੱਜ ਸਿੱਖਾਂ ਦੀ ਜਨਮ ਭੂਮੀ, ਪੰਜਾਬ ਦੀ ਮੰਡੀ 'ਚ ਵਿਕ ਰਿਹਾ ਮਾਲ ਜਾਂ ਤਾਂ ਵੱਡੀਆਂ ਤਾਕਤਾਂ ਦਾ ਆਪਣਾ ਜਾਂ ਉਹਨਾਂ ਦੀਆਂ ਕੰਪਨੀਆਂ ਵਲੋਂ ਭਾਰਤੀ ਭਿਆਲਾ ਨਾਲ ਮਿਲਕੇ ਤਿਆਰ ਕੀਤਾ ਹੁੰਦਾ ਹੈ । ਜਦ ਤੱਕ ਵੱਡੀਆਂ ਤਾਕਤਾਂ ਦੀਆਂ ਇਹ ਕੰਪਨੀਆਂ ਪੰਜਾਬ ਦੀ ਮੰਡੀ 'ਤੇ ਭਾਰੂ ਰਹਿਣਗੀਆਂ ਪੰਜਾਬ ਦਾ ਸਵੈ-ਚਾਲਕ (Self sustained) ਸਨਅਤੀਕਰਨ ਅਤੇ ਸਿੱਟੇ ਵਜੋਂ ਪੰਜਾਬੀ ਲੋਕਾਂ ਦੀ ਖੁਸ਼ਹਾਲੀ ਸੰਭਵ ਨਹੀਂ । ਦਿੱਲੀ ਦਰਬਾਰ ਜਿੰਨਾ ਚਿਰ ਇਹਨਾਂ ਕੰਪਨੀਆਂ ਨੂੰ ਪੰਜਾਬ ਅਤੇ ਭਾਰਤ ਦੀਆਂ ਦੂਸਰੀਆਂ ਕੌਮਾਂ ਅੰਦਰ ਸਨਅਤੀਕਰਨ ਦੇ ਅਜ਼ਾਦ ਅਮਲ ਨੂੰ ਢਾਅ ਲਾਉਣ ਅਤੇ ਲੋਕਾਂ ਦੀ ਲੁੱਟ-ਖਸੁੱਟ ਕਰਨ 'ਚ ਸਹਾਈ ਹੁੰਦਾ ਰਹੇਗਾ ਉਨਾਂ ਚਿਰ ਵੱਡੀਆਂ ਤਾਕਤਾਂ ਦਿਲੀ ਦਰਬਾਰ ਦੇ ਦੁਸ਼ਮਣਾਂ ਨੂੰ ਆਪਣੇ ਦੁਸ਼ਮਣ ਵਜੋਂ ਲੈਂਦੀਆਂ ਰਹਿਣਗੀਆਂ ।

ਸੋ ਸਿੱਖਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਮਨੀ ਚਿਤਾਰ ਲੈਣੀ ਚਾਹੀਦੀ ਹੈ ਕਿ ਉਹਨਾਂ ਦਾ ਦੁਸ਼ਮਣ ਸਿਰਫ ਭਾਰਤ ਅੰਦਰ ਦਿਲੀ 'ਚ ਹੀ ਨਹੀਂ ਸਗੋਂ ਮਾਸਕੋ, ਲੰਡਨ ਅਤੇ ਵਾਸ਼ਿੰਗਟਨ 'ਚ ਵੀ ਬੈਠਾ ਹੋਇਆ ਹੈ । ਇਸ ਨੁਕਤੇ 'ਤੇ ਸਪਸ਼ਟਤਾ ਦੀ ਘਾਟ ਲਹਿਰ ਨੂੰ ਤਕੜੀ ਢਾਅ ਲੱਗਣ ਦਾ ਕਾਰਨ ਵੀ ਬਣ ਸਕਦੀ ਹੈ । ਇਹ ਗੁਲਾਮੀ ਨੂੰ ਗਲੋਂ ਲਾਹੁੰਦਿਆਂ ਲਾਹੁੰਦਿਆਂ ਦੂਸਰੀ ਨਵੀਂ ਗੁਲਾਮੀ ਲਈ ਹਾਲਤ ਬਣ ਸਕਦੇ ਹਨ । ਜੇ ਕੱਲ ਨੂੰ ਕਦੀ ਇਹਨਾਂ ਤਾਕਤਾਂ ਨੂੰ ਇਹ ਲੱਗੇ ਕਿ ਪੰਜਾਬ ਦੀ ਮੰਡੀ 'ਤੇ ਭਾਰੂ ਹੈਸੀਅਤ ਬਰ-ਕਰਾਰ ਰੱਖਣ ਜਾਂ ਪੰਜਾਬ ਉਪਰ ਗਲਬਾ ਕਾਇਮ ਰੱਖਣ ਲਈ ਦਿਲੀ ਦਰਬਾਰ ਕੋਈ ਬਹੁਤੀ ਕੰਮ ਦੀ ਚੀਜ਼ ਨਹੀਂ ਰਿਹਾ ਤਾਂ ਉਹ ਇਸ ਕੰਮ ਲਈ ਸਿੱਖ ਲਹਿਰ ਦੇ ਅੰਦਰੋਂ ਹੀ ਇਕ ਹਿਸੇ ਨਾਲ ਸਾਂਢਾ-ਗਾਂਢਾ ਕਰ ਸਕਦੀਆਂ ਹਨ ਵੈਸੇ ਜਿਵੇਂ ਅੱਗੇ ਸਿੱਖ ਸਮਾਜ ਦੀ ਹਾਲਤ ਵਿਚਾਰਨ ਵੇਲੇ ਵੇਖਿਆ ਜਾਵੇਗਾ, ਸਿੱਖਾਂ ਅੰਦਰ ਪਹਿਲਾਂ ਹੀ ਇਕ ਅਜਿਹਾ ਲਾਣਾ ਪੈਦਾ ਹੋ ਚੁਕਿਆ ਹੈ ਜੋ ਹੁਣੇ ਹੀ ਇਹਨਾਂ ਤਾਕਤਾਂ ਨਾਲ ਕਾਫੀ ਹੱਦ ਤੱਕ ਘਿਓ-ਖਿਚੜੀ ਹੋਇਆ ਪਿਆ ਹੈ ।

(ਬਾਕੀ ਸਫਾ 19 'ਤੇ)

### "ਹਿੰਦੂ-ਸਿੱਖ ਤਣਾਅ ਦਾ ਮੁੱਢ"

# ਡਾ: ਗੰਡਾ ਸਿੰਘ ਦੀ ਪੇਸ਼ਕਾਰੀ ਸੱਚ ਦੀਆਂ ਬੁਨਿਆਦਾਂ ਨਹੀਂ ਛੂੰਹਦੀ

—ਅਜਮੇਰ ਸਿੰਘ

[ਪੈਗਾਮ ਦੇ ਪਿਛਲੇ ਅੰਕ ਵਿਚ ਅਸੀਂ 'ਪੰਜਾਬ ਵਿਚ ਹਿੰਦੂ ਸਿੱਖ ਤਣਾਅ ਦਾ ਮੁੱਢ' ਨਾਂ ਦਾ ਲੇਖ ਛਾਪਿਆ ਸੀ। ਉਸ ਲੇਖ 'ਤੇ ਇਨਕਲਾਬੀ ਕਮਿਊਨਿਸਟ ਪਾਰਟੀ ਦੇ ਸਕੱਤਰ ਵਲੋਂ ਇਕ ਟਿੱਪਣੀ ਮਿਲੀ ਹੈ। ਜਿਸਨੂੰ ਹੂ ਬਹੂ ਹੇਠਾਂ ਛਾਪਿਆ ਜਾ ਰਿਹਾ ਹੈ।

—ਸੰਪਾਦਕ]

ਪੈਗਾਮ ਦੇ ਸਤੰਬਰ ਅੰਕ ਵਿੱਚ ਡਾ: ਗੰਡਾ ਸਿੰਘ ਦਾ ਇੱਕ ਸੰਖੇਪ ਲੇਖ ਛਾਪਿਆ ਹੈ ਜਿਸ ਵਿਚ "ਪੰਜਾਬ ਅੰਦਰ ਹਿੰਦੂ-ਸਿੱਖ ਤਨਾਅ ਦਾ ਮੁੱਢ" ਦੀ ਹਕੀਕੀ ਨਿਸ਼ਾਨਦੇਹੀ ਕਰਨ ਦਾ ਦਾਅਵਾ ਕੀਤਾ ਗਿਆ ਹੈ। ਡਾ: ਗੰਡਾ ਸਿੰਘ ਦੀ ਇਸ ਲਿਖਤ ਅਨੁਸਾਰ ਹਿੰਦੂ-ਸਿੱਖ ਤਨਾਅ ਦਾ ਮੁੱਢ ਸਵਾਮੀ ਦਇਆਨੰਦ ਵੱਲੋਂ ਸਿੱਖ ਗੁਰੂਆਂ ਵਿਰੁੱਧ ਅਪਮਾਨਜਨਕ ਸ਼ਬਦਾਵਲੀ ਵਰਤਣ ਅਤੇ ਸਿੱਖ ਧਰਮ ਸਬੰਧੀ ਹੋਛੀ ਤੇ ਗੈਰ ਵਾਜਬ ਵਢਵੇਂਬਾਜ਼ੀ ਕਰਨ ਨਾਲ ਬੱਝਾ ਅਤੇ ਇਹੋ ਅਜੋਕੀ ਅਵਸਥਾ ਦਾ ਮੂਲ-ਸੋਮਾ ਤੇ ਮੂਲ ਅਧਾਰ ਹੈ।

ਡਾ: ਗੰਡਾ ਸਿੰਘ ਦੀ ਮਸਲੇ ਪ੍ਰਤੀ ਅਪਣਾਈ ਇਹ ਪਹੁੰਚ ਅਤੇ ਇਸ 'ਚੋਂ ਕੱਢੇ ਗਏ ਸਿੱਟੇ (ਨਿਰਣੇ) ਬੁਨਿਆਦੀ ਤੌਰ 'ਤੇ ਗਲਤ ਹਨ। ਜੇਕਰ ਡਾ: ਗੰਡਾ ਸਿੰਘ ਵੱਲੋਂ ਅਪਣਾਏ ਇਸ ਤਰਕ ਨੂੰ ਸਹੀ ਤਸਲੀਮ ਕਰ ਲਿਆ ਜਾਵੇ ਤਾਂ ਹਿੰਦੂ-ਸਿੱਖ ਤਣਾਅ ਦਾ ਮੁੱਢ ਆਰੀਆ ਸਮਾਜ ਦੀ ਸਥਾਪਨਾ ਨਾਲ ਨਹੀਂ ਸਗੋਂ ਸਿੱਖ ਧਰਮ ਦੇ ਹੋਂਦ 'ਚ ਆਉਣ ਨਾਲ ਹੀ ਸ਼ੁਰੂ ਹੋ ਜਾਣਾ ਚਾਹੀਦਾ ਸੀ— ਕਿਉਂਕਿ ਸਿੱਖ ਧਰਮ ਦੇ ਬਾਨੀਆਂ ਨੇ ਉਸ-ਵੇਲੇ ਦੇ ਪਰਚਲਤ ਹਿੰਦੂ ਧਰਮ (ਜਿਸਦਾ ਵਿਚਾਰ-ਧਾਰਕ ਅਧਾਰ ਬ੍ਰਾਹਮਣਵਾਦ ਤੋਂ ਸਿਵਾ ਹੋਰ ਕੁਝ ਨਹੀਂ ਸੀ) ਨੂੰ ਬਹੁਤ ਹੀ ਤਿੱਖੇ ਰੂਪ 'ਚ ਭੰਡਿਆ ਸੀ ਅਤੇ ਇਸ ਵਿਰੁੱਧ ਸਖਤ ਭਾਸ਼ਾ ਦੀ ਵਰਤੋਂ ਕਰਨ 'ਚ ਕੋਈ ਕਸਰ ਨਹੀਂ ਸੀ ਛੱਡੀ। (ਬੇਸ਼ੱਕ ਇਹ ਗੱਲ ਠੀਕ ਹੈ ਕਿ ਸਿੱਖ ਗੁਰੂਆਂ ਨੇ ਹੋਰਨਾਂ ਧਰਮਾਂ ਦੀਆਂ ਸਿਧਾਂਤਕ ਧਾਰਨਾਵਾਂ ਤੇ ਕਰਮ-ਕਾਂਡਾਂ ਦੀ ਨੁਕਤਾਚੀਨੀ ਕਰਨ ਮੌਕੇ ਹਮੇਸ਼ਾ ਹੀ ਗਹਿਰ-ਗੰਭੀਰ, ਤਰਕ-ਸ਼ੀਲ ਤੇ ਜ਼ੁੰਮੇਵਾਰ ਰਵਈਆ ਅਪਣਾਇਆ) ਦਰਅਸਲ ਇਹ ਸਮਾਜੀ ਵਹਾਅ ਦਾ ਇੱਕ ਸਦੀਵੀ ਨਿਯਮ ਹੀ ਹੈ ਕਿ ਜਦ ਵੀ ਕੋਈ ਨਵਾਂ ਮੱਤ ਹੋਂਦ 'ਚ ਆਉਂਦਾ ਹੈ ਤਾਂ ਉਹ ਪਹਿਲਾਂ ਤੋਂ ਪ੍ਰਚਲਤ ਤੇ ਸਥਾਪਤ ਮੱਤ ਦੇ ਤਿੱਖੇ ਤੇ ਭਰਵੇਂ ਖੰਡਨਰਾਹੀਂ ਹੀ ਆਪਣੀ ਹੋਂਦ ਸਥਾਪਤ ਕਰ ਸਕਦਾ ਹੈ ਤੇ ਕਰਦਾ ਹੈ। ਇਸ ਕਰਕੇ ਇੱਕ ਮੱਤ ਦੇ ਸ਼ਰਧਾਲੂਆਂ ਦਾ ਦੂਸਰੇ ਮੱਤ ਦੇ ਸ਼ਰਧਾਲੂਆਂ ਨਾਲ ਵਿਰੋਧ ਤੇ ਟਕਰਾਅ ਐਨ ਸੁਭਾਵਕ ਹੁੰਦਾ ਹੈ। ਇਸ ਵਿਚ ਰੋਸ ਜਾਂ ਉਲਾਂਭੇ ਵਾਲੀ ਕੋਈ ਗੱਲ ਨਹੀਂ। ਉਦਾਹਰਨ ਵਜੋਂ ਜੇਕਰ ਡਾ: ਗੰਡਾ ਸਿੰਘ ਦੇ ਕਹਿਣ ਮੁਤਾਬਕ ਪੰਡਤ ਲੇਖ ਰਾਮ ਵੱਲੋਂ ਸਿੱਖਾਂ ਦੇ ਧਾਰਮਿਕ ਗਰੰਥ-ਗੁਰੂ ਗਰੰਥ ਸਾਹਿਬ ਨੂੰ "ਪਰੰਪਰਾਵਾਂ ਦੇ ਉਲਟ" ਸਾਹਮਣੇ ਪਈ ਮੇਜ਼ ਉਪਰ ਰੱਖਣ ਨਾਲ ਹੀ ਇਸ ਦੀ ਨਿਰਾਦਰੀ ਹੋ ਜਾਂਦੀ ਹੈ ਜਿਹੜੀ ਕਿ ਸਿੱਖ ਸ਼ਰਧਾਲੂਆਂ ਅੰਦਰ ਭੜਕਾਹਟ ਤੇ ਗੁੱਸੇ ਦੀਆਂ ਭਾਵਨਾਵਾਂ ਉਜਾਗਰ ਕਰ ਦਿੰਦੀ ਹੈ, ਤਾਂ ਗੁਰੂ ਨਾਨਕ ਦੇਵ ਜੀ ਵੱਲੋਂ ਮੱਕੇ ਵੱਲ ਪੈਰ ਕਰਕੇ ਪੈਣਾ ਅਤੇ ਹਰਦੁਆਰ ਜਾਕੇ ਉਲਟ ਦਿਸ਼ਾ 'ਚ ਪਾਣੀ ਦੇ ਛੱਟੇ ਦੇਣ ਲੱਗ ਪੈਣਾ ਕੀ "ਪਰੰਪਰਾਵਾਂ ਦੇ ਉਲਟ" ਨਹੀਂ ਸੀ? ਅਤੇ ਕੀ ਇਸ ਨਾਲ ਮੁਸਲਿਮ ਅਤੇ ਹਿੰਦੂ ਧਰਮ 'ਚ ਵਿਸ਼ਵਾਸ਼ ਰੱਖਣ ਵਾਲੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਸੀ ਪਹੁੰਚੀ? ਇਸ ਇਤਿਹਾਸਕ ਤੱਥ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਉਸ ਮੌਕੇ ਹਿੰਦੁਸਤਾਨ ਅੰਦਰ ਸਥਾਪਤ ਧਰਮ ਦੇ ਠੇਕੇਦਾਰਾਂ (ਮੌਲਵੀਆਂ ਤੇ ਪੰਡਤਾਂ) ਨੇ ਗੁਰੂ ਨਾਨਕ ਦੇਵ ਦੇ ਨਵੇਂ ਇਨਕਲਾਬੀ ਵਿਚਾਰਾਂ ਨੂੰ ਆਪੋ-ਆਪਣੇ ਧਰਮਾਂ ਲਈ ਸਿੱਧੇ ਖਤਰੇ ਤੇ ਚੁਣੌਤੀ ਦੇ ਰੂਪ 'ਚ ਦੇਖਿਆ ਤੇ ਆਪਣੇ ਸ਼ਰਧਾਲੂਆਂ ਨੂੰ ਇਸ ਖਿਲਾਫ਼ ਭੜਕਾਉਣ ਲਈ ਹਰ ਹੀਲਾ ਵਰਤਿਆ। ਸਿੱਟੇ ਵਜੋਂ, ਇਹਨਾਂ ਦੋਨੋਂ ਸਥਾਪਤ ਧਰਮਾਂ ਦਾ ਸਿੱਖ ਮੱਤ ਨਾਲ ਸਿੱਧਾ ਤੇ ਤਿੱਖਾ ਟਕਰਾਅ ਪੈਦਾ ਹੋਇਆ ਅਤੇ ਇਸ ਟਕਰਾਅ 'ਚੋਂ ਹੀ ਇਨਕਲਾਬੀ ਸਿੱਖ ਲਹਿਰ ਨੇ ਆਪਣਾ ਸਰੂਪ ਅਖਤਿਆਰ ਕੀਤਾ।

[ਇੱਥੇ ਇਹ ਸਪਸ਼ਟ ਕਰ ਦੇਣਾ ਬੇਲੋੜਾ ਨਹੀਂ ਹੋਵੇਗਾ ਕਿ ਸਿੱਖ ਧਰਮ ਦੇ ਉਥਾਨ ਤੇ ਆਰੀਆ ਸਮਾਜ ਦੇ ਆਗਮਨ ਨੂੰ ਇੱਕੋ ਪੱਲੜੇ ਨਹੀਂ ਤੋਲਿਆ ਜਾ ਸਕਦਾ। ਦੋਨਾਂ ਵਿੱਚ ਬੁਨਿਆਦੀ ਫਰਕ ਇਹ ਹੈ ਕਿ ਜਦ ਕਿ ਸਿੱਖ ਧਰਮ ਨੇ ਵੇਲੇ ਦੇ ਸਥਾਪਤ ਧਾਰਮਿਕ ਮੱਤਾਂ ਤੇ ਉਹਨਾਂ ਦੇ ਅਮਲਾਂ ਵਿਰੁੱਧ ਇੱਕ ਅਗਾਂਹਵਧੂ ਤੇ ਇਨਕਲਾਬੀ ਪੈਂਤੜੇ ਤੋਂ ਹਮਲਾ ਸੇਧਿਆ, ਉਥੇ ਆਰੀਆ ਸਮਾਜੀ ਵਿਚਾਰਧਾਰਾ ਨੇ ਸਮਾਜਕ ਤੇ ਇਤਿਹਾਸਕ ਤੌਰ 'ਤੇ ਪਿਛਾਖੜੀ ਪੈਂਤੜੇ ਤੋਂ, ਹਿੰਦੂ ਪੁਨਰਵਾਦ ਨੂੰ ਉਗਾਸਾ ਦੇਣ ਤੇ "ਹਿੰਦੂ ਰਾਸ਼ਟਰ" ਦੀ ਉਸਾਰੀ ਲਈ ਵਿਚਾਰਧਾਰਕ ਚਬੂਤਰਾ ਮੁਹੱਈਆ ਕਰਨ ਦੇ ਪਿਛਾਖੜੀ ਯਤਨ ਵਜੋਂ ਸਿੱਖ ਧਰਮ ਨੂੰ ਆਪਣੇ ਕਹਿਰ ਭਰੇ ਵਿਰੋਧ ਤੇ ਹਮਲੇ ਦਾ ਨਿਸ਼ਾਨਾ ਬਣਾਇਆ]

ਸੰਸਾਰ ਅੰਦਰ ਹੋਰਨਾਂ ਥਾਵਾਂ 'ਤੇ ਵੀ ਅੱਡ-ਅੱਡ

ਧਾਰਮਿਕ ਮੱਤਾਂ ਤੇ ਇਹਨਾਂ ਦੇ ਪੈਰੋਕਾਰਾਂ ਵਿਚਕਾਰ ਅਕਸਰ ਤਿੱਖੇ ਵਿਰੋਧ ਤੇ ਟਕਰਾਅ ਪੈਦਾ ਹੁੰਦੇ ਰਹੇ ਹਨ (ਅਤੇ ਹੁੰਦੇ ਰਹਿਣਗੇ।) ਕਈ ਵਾਰ ਇਹ ਵਿਰੋਧ ਜ਼ੋਰ-ਅਜ਼ਮਾਈ ਦਾ ਇੱਕ ਦੌਰ ਹੰਢਾਉਣ ਤੋਂ ਬਾਅਦ ਸਮਾਂ ਪਾ ਕੇ ਸ਼ਾਂਤ ਹੋ ਜਾਂਦੇ ਹਨ ਅਤੇ ਇਤਿਹਾਸ ਅੰਦਰ ਇੱਕ ਗੈਰ-ਅਹਿਮ ਤੇ ਵਕਤੀ ਵਰਤਾਰੇ ਵਜੋਂ ਅਲੋਪ ਹੋ ਕੇ ਰਹਿ ਜਾਂਦੇ ਹਨ। **ਇਹ ਵਿਰੋਧ ਇੱਕ ਵੱਡੀ ਸਮਾਜੀ-ਸਿਆਸੀ ਸਮੱਸਿਆ ਦਾ ਰੂਪ ਸਿਰਫ਼ ਉਸ ਮੌਕੇ ਹੀ ਧਾਰਨ ਕਰਦੇ ਹਨ ਜਦ ਇਸ ਵਿੱਚ ਰਾਜ-ਸ਼ਕਤੀ (ਸਟੇਟ) ਦਾ ਸਿੱਧਾ ਜਾਂ ਅਸਿੱਧਾ ਦਖਲ ਤੇ ਸਬੰਧ ਆ ਜੁੜਦਾ ਹੈ।** ਹਿੰਦੂ-ਸਿੱਖ ਤਨਾਅ ਦੀ ਸਮੱਸਿਆ ਨੂੰ ਵੀ ਇਸੇ ਵਿਗਿਆਨਕ ਤੇ ਤਰਕਸ਼ੀਲ ਨੁਕਤਾ-ਨਜ਼ਰ ਤੋਂ ਘੋਖਣ ਤੇ ਸਮਝਣ ਦੀ ਲੋੜ ਹੈ। ਡਾ: ਗੰਡਾ ਸਿੰਘ ਵੱਲੋਂ ਅਪਣਾਈ ਪਹੁੰਚ ਕਿਸੇ ਵਿਗਿਆਨਕ ਤੇ ਤਰਕਸ਼ੀਲ ਸੋਚਣੀ ਦੀ ਉਪਜ ਨਹੀਂ, ਸਗੋਂ ਇੱਕ ਸ਼ਰਧਾਲੂ ਮਨ ਦਾ ਭਾਵਕ ਪ੍ਰਤੀਕਰਮ ਹੈ।

ਜੇਕਰ ਸਮੱਸਿਆ ਮਹਿਜ਼ ਆਰੀਆ ਸਮਾਜ ਦੇ ਬਾਨੀਆਂ ਵੱਲੋਂ ਸਿੱਖ ਗੁਰੂਆਂ ਖਿਲਾਫ਼ ਵਰਤੀ ਕਿਸੇ ਮੰਦੀ ਭਾਸ਼ਾ ਦੀ ਹੀ ਹੁੰਦੀ ਤਾਂ ਇਹ ਸਮੱਸਿਆ ਐਨੀਆਂ ਗੁੰਝਲਾਂ ਨਾਂ ਫੜਦੀ ਅਤੇ ਚਿਰੋਕਣੀ ਹੱਲ ਹੋ ਗਈ ਹੁੰਦੀ। ਡਾ: ਗੰਡਾ ਸਿੰਘ ਅਨੁਸਾਰ ਹੀ ਆਰੀਆ ਸਮਾਜ ਦੇ ਵੱਡੇ ਹਿੱਸੇ ਨੇ ਅਜਿਹੀ ਭਾਸ਼ਾ ਦੀ ਵਰਤੋਂ ਦੀ ਡੱਟਵੀਂ ਵਿਰੋਧਤਾ ਕੀਤੀ ਸੀ। ਪੰਜਾਬ ਅੰਦਰ ਸ਼੍ਰੋਮਣੀ ਫਿਰਕਾਪ੍ਰਸਤ ਹਸਤੀ-ਲਾਲਾ ਜਗਤ ਨਰਾਇਣ ਦਾ ਕੇਸ ਸਾਡੇ ਸਭ ਦੇ ਸਾਹਮਣੇ ਹੈ। ਉਸਨੇ ਸਿੱਖ ਗੁਰੂਆਂ ਖਿਲਾਫ਼ ਸ਼ਾਇਦ ਹੀ ਕਦੇ ਮੰਦੇ ਬੋਲ ਵਰਤੇ ਹੋਣ। ਸਗੋਂ ਜੇ ਰਸਮੀ ਸਤਿਕਾਰ ਦੀ ਹੀ ਗੱਲ ਕਰਨੀ ਹੋਵੇ ਤਾਂ ਉਹ ਇਨ੍ਹਾਂ ਖੇਖਣਾਂ 'ਚ ਕਿਸੇ ਤੋਂ ਪਿੱਛੇ ਨਹੀਂ ਰਿਹਾ। ਪਰ ਇਸ ਦੇ ਬਾਵਜੂਦ ਉਹ ਹਿੰਦੂ-ਸਿੱਖ ਸਦਭਾਵਨਾ ਦਾ ਸਭ ਤੋਂ ਵੱਡਾ ਦੋਖੀ ਹੋ ਨਿਬੜਿਆ! ਅਜਿਹਾ ਕਿਉਂ ਤੇ ਕਿਵੇਂ ਹੋ ਗਿਆ? ਇਸ ਸੁਆਲ ਦਾ ਜੁਆਬ ਲੱਭਣਾ ਬਹੁਤ ਜ਼ਰੂਰੀ ਤੇ ਬਹੁਤ ਅਹਿਮ ਹੈ। ਇਹੋ ਗੱਲ ਆਰ. ਐੱਸ ਐੱਸ 'ਤੇ ਲਾਗੂ ਹੁੰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਵਾਮੀ ਦਯਾ ਨੰਦ ਤੇ ਉਸ ਦੇ ਕੁੱਝ ਸਿਰ-ਤੱਤੇ ਵਾਰਸਾਂ (ਆਰੀਆ ਸਮਾਜੀ ਆਗੂਆਂ) ਵੱਲੋਂ ਸਿੱਖ ਧਰਮ ਤੇ ਸਿੱਖ ਗੁਰੂਆਂ ਸਬੰਧੀ ਵਰਤੀ ਗਈ ਮੰਦੀ ਭਾਸ਼ਾ ਨੇ ਕੁੱਝ ਸ਼ਰਧਾਲੂ ਸਿੱਖਾਂ ਅੰਦਰ ਰੋਸ ਤੇ ਗੁੱਸੇ ਦੀਆਂ ਭਾਵਨਾਵਾਂ ਨੂੰ ਜਨਮ ਦਿੱਤਾ। ਪਰ ਅਜੇ ਵੀ ਇਹ ਹਿੰਦੂ-ਸਿੱਖ ਤਨਾਅ ਵਾਲੀ ਕੋਈ ਗੱਲ ਨਹੀਂ ਸੀ। ਜਿਵੇਂ ਕਿ ਅਕਸਰ ਹੋਇਆ ਕਰਦਾ ਹੈ: ਇਸ ਨੇ ਸਿਰਫ਼ ਥੋੜ੍ਹੀ ਗਿਣਤੀ ਦੇ ਕੱਟੜ ਸਿੱਖਾਂ ਅੰਦਰ ਹੀ ਪ੍ਰਤੀਕਰਮ ਪੈਦਾ ਕੀਤਾ। ਆਮ ਸਿੱਖ ਜਨਤਾ ਨੇ ਇਸ ਨੂੰ ਬਹੁਤਾ ਨਹੀਂ ਗੌਲਿਆ। ਜੇ ਮਸਲਾ ਸਿਰਫ਼ ਐਨਾ ਹੀ ਹੁੰਦਾ ਤਾਂ ਇਸ ਮਮੂਲੀ ਹਿਲਜੁਲ ਨੇ ਸਮਾਂ ਪਾਕੇ ਖੁਦ-ਬ-ਖੁਦ ਸ਼ਾਂਤ ਹੋ ਜਾਣਾ ਸੀ। ਮੁੱਠੀ ਭਰ ਕੱਟੜ ਪੰਥੀ ਸਿੱਖ ਹਲਕੇ ਕਿੰਨੀਆਂ ਵੀ ਕੋਸ਼ਿਸ਼ਾਂ ਕਿਉਂ ਨਾ ਕਰਦੇ— ਮਹਿਜ਼ ਐਨੀ ਗੱਲ ਬਦਲੇ ਆਮ ਸਿੱਖ ਜਨਤਾ ਦੀਆਂ ਭਾਵਨਾਵਾਂ ਨੂੰ ਭੜਕਾਉਣਾ ਸੌਖਾ ਨਹੀਂ ਸੀ। ਪਰ ਮਸਲਾ ਸਿਰਫ਼ ਸਿੱਖ ਗੁਰੂਆਂ ਦੀ ਸ਼ਾਨ ਦੇ ਖਿਲਾਫ਼ ਮੰਦੀ ਭਾਸ਼ਾ ਦੀ ਵਰਤੋਂ ਤੱਕ ਹੀ ਸੀਮਤ ਨਹੀਂ ਸੀ, ਸਗੋਂ ਏਦੂੰ ਵੱਡਾ ਸੀ ਤੇ ਵੱਧ ਗੰਭੀਰ ਸੀ।

## ਪੁਆੜੇ ਦੀ ਜੜ੍ਹ--ਆਰੀਆ ਸਮਾਜੀ ਵਿਚਾਰਧਾਰਾ

ਆਰੀਆ ਸਮਾਜੀ ਫਲਸਫਾ ਭਾਰਤ ਦੀ ਧਰਤੀ ਉੱਤੇ ਹਿੰਦੂ ਧਰਮ ਤੋਂ ਬਿਨਾਂ ਹੋਰ ਕਿਸੇ ਵੀ ਧਰਮ ਦੀ ਹੋਂਦ ਨੂੰ ਪਰਵਾਨ ਕਰਨ ਅਤੇ ਬਰਦਾਸ਼ਤ ਕਰਨ ਤੋਂ ਇਨਕਾਰੀ ਹੈ। ਇਹ ਮੁਸਲਮ ਧਰਮ ਨੂੰ "ਗੈਰ-ਭਾਰਤੀ" ਕਰਾਰ ਦਿੰਦਾ ਹੋਇਆ ਮੁਸਲਮਾਨਾਂ ਨੂੰ "ਮਲੇਛ" ਅਤੇ "ਬਾਹਰੀ ਤੱਤ" ਗਰਦਾਨਦਾ ਹੈ, ਜਿਨ੍ਹਾਂ ਨੂੰ ਜਾਂ ਤਾਂ ਭਾਰਤ ਦੀ ਧਰਤੀ ਤੋਂ ਬਾਹਰ ਚਲੇ ਜਾਣਾ (ਜਾਂ ਬਾਹਰ ਸੁੱਟ ਦਿੱਤਾ ਜਾਣਾ ਚਾਹੀਦਾ ਹੈ) ਅਤੇ ਜਾਂ ਫਿਰ ਆਪਣੇ ਆਪ ਨੂੰ "ਭਾਰਤੀ ਚਿੰਤਨ" ਤੇ "ਭਾਰਤੀ ਜੀਉਣ-ਰੀਤ" ਨਾਲ ਇੱਕ-ਮਿੱਕ ਕਰ ਲੈਣਾ ਚਾਹੀਦਾ ਹੈ। ਭਾਵ, ਭਾਰਤੀ ਮੁਸਲਮਾਨਾਂ ਦਾ ਜਾਂ ਤਾਂ ਸਫ਼ਾਇਆ ਕਰ ਦਿੱਤਾ ਜਾਣਾ ਚਾਹੀਦਾ ਹੈ ਤੇ ਜਾਂ ਉਹਨਾਂ ਦਾ "ਹਿੰਦੂਕਰਨ" ਕਰ ਦਿੱਤਾ ਜਾਣਾ ਚਾਹੀਦਾ ਹੈ। ਜਿੱਥੋਂ ਤੱਕ ਜੈਨ ਮੱਤ, ਬੁੱਧ ਧਰਮ ਤੇ ਸਿੱਖ ਧਰਮ ਦਾ ਸੁਆਲ ਹੈ, ਆਰੀਆ ਸਮਾਜੀ ਵਿਚਾਰਧਾਰਾ ਇਹਨਾਂ ਨੂੰ ਹਿੰਦੂ ਧਰਮ ਨਾਲੋਂ ਕਿਸੇ ਵੱਖਰੇ ਮੱਤ ਦਾ ਰੁਤਬਾ ਪਰਵਾਨ ਕਰਨ ਦੇ ਉਲਟ, ਇਹਨਾਂ ਨੂੰ ਹਿੰਦੂ ਧਰਮ ਦੀਆਂ ਹੀ ਸ਼ਾਖਾਵਾਂ, ਇਸ ਦੇ ਹੀ ਮਤਹਿਤ-ਅੰਗ ਸਮਝਦੀ ਹੈ ਤੇ ਇਸ ਅਧਾਰ 'ਤੇ ਇਹਨਾਂ ਨੂੰ "ਮੁੱਖ ਹਿੰਦੂ ਧਾਰਾ" ਅੰਦਰ ਸਮੋਣ ਦੀ ਵਕਾਲਤ ਕਰਦੀ ਹੈ। ਭਾਵ ਆਰੀਆ ਸਮਾਜੀ ਵਿਚਾਰਧਾਰਾ ਭਾਰਤ ਦੀ ਧਰਤੀ 'ਤੇ ਪੈਦਾ ਹੋਏ ਇਹਨਾਂ ਧਰਮਾਂ ਦੀ ਆਪਣੀ ਵੱਖਰੀ, ਸੁਤੰਤਰ ਹੋਂਦ ਤੇ ਪਹਿਚਾਣ ਨੂੰ ਪਰਵਾਨ ਕਰਨ ਤੋਂ ਇਨਕਾਰੀ ਹੈ ਅਤੇ ਇਹਨਾਂ ਦੀ ਸੁਤੰਤਰ ਹੋਂਦ ਨੂੰ ਖੋਰਨ ਅਤੇ ਜਜ਼ਬ ਕਰਨ ਦੀ ਨੀਤ ਤੇ ਦਿਸ਼ਾ ਅਖਤਿਆਰ ਕਰਦੀ ਹੈ। ਕੁੱਝ ਇਤਿਹਾਸਕ ਕਾਰਨਾਂ ਕਰਕੇ, ਇਸ ਸ਼ਾਵਨਵਾਦੀ ਵਿਚਾਰਧਾਰਾ ਨੂੰ ਜੈਨ ਮੱਤ ਤੇ ਬੁੱਧ ਮੱਤ ਦੇ ਸਬੰਧ 'ਚ ਚੋਖੀ

ਸਫਲਤਾ ਵੀ ਹਾਸਲ ਹੋ ਗਈ। ਪਰ ਸਿੱਖ ਧਰਮ ਦੀਆਂ ਮੂਲ-ਧਾਰਨਾਵਾਂ ਦਾ ਹਿੰਦੂ ਮੱਤ (ਬ੍ਰਾਹਮਣਵਾਦ) ਨਾਲ ਬਹੁਤ ਹੀ ਬੁਨਿਆਦੀ ਤੇ ਤਿੱਖਾ ਟਕਰਾਅ ਹੋਣ ਕਰਕੇ, ਹਿੰਦੂ ਸਾਵਨਵਾਦ ਲਈ ਸਿੱਖ ਧਰਮ ਨੂੰ ਆਪਣੇ ਖਾਰੇ ਸਮੁੰਦਰ ਅੰਦਰ ਜਜ਼ਬ ਕਰ ਸਕਣਾ ਕਿਸੇ ਵੀ ਤਰ੍ਹਾਂ ਸਹਿਲ ਨਹੀਂ ਸੀ। ਇਹ ਹੈ ਉਹ ਮੂਲ ਮੁੱਦਾ ਜਿਸ ਨੇ ਹਿੰਦੂ ਸਿੱਖ ਤਨਾਅ ਦਾ ਮੁੱਢ ਬੰਨ੍ਹਿਆ ਤੇ ਇਸ ਨੂੰ ਅਜੋਕੀ ਗੰਭੀਰ ਸਥਿਤੀ ਤੱਕ ਧੂਹ ਲਿਆਂਦਾ। ਇਹ ਸਮਾਜੀ ਹੋਂਦ ਦਾ ਇੱਕ ਆਮ ਤੇ ਸਦੀਵੀ ਨਿਯਮ ਹੈ ਕਿ ਜਦ ਵੀ ਕਿਸੇ ਸਮਾਜੀ ਸੰਸਥਾ (ਕਬੀਲਾ, ਧਾਰਮਿਕ ਸਮੂਹ ਜਾਂ ਕੌਮ ਆਦਿ) ਦੀ ਵੱਖਰੀ, ਸੁਤੰਤਰ ਹੋਂਦ ਤੇ ਪਹਿਚਾਣ ਨੂੰ ਕੋਈ ਬਾਹਰੀ ਖਤਰਾ ਖੜਾ ਹੁੰਦਾ ਹੈ ਤਾਂ ਉਸ ਅੰਦਰ ਇਸ ਵਿਰੁੱਧ ਇੱਕ ਸੁਭਾਵਕ ਤੇ ਤਿੱਖਾ ਪ੍ਰਤੀਕਰਮ ਪੈਦਾ ਹੁੰਦਾ ਹੈ। ਸਮਾਜੀ ਵਿਕਾਸ ਦੇ ਕੁਦਰਤੀ ਪਰਵਾਹ ਅੰਦਰ ਭਾਵੇਂ ਕੋਈ ਸਮਾਜੀ ਸੰਸਥਾ ਆਪਣੀ ਉਮਰ ਪੁਗਾਉਣ ਤੋਂ ਬਾਅਦ, ਅਲੋਪ ਹੋ ਕੇ ਰਹਿ ਜਾਵੇ (ਅਤੇ ਮਨੁੱਖੀ ਇਤਿਹਾਸ ਅੰਦਰ ਅਜਿਹਾ ਹਮੇਸ਼ਾ ਹੀ ਹੁੰਦਾ ਆਇਆ ਹੈ—ਤੇ ਹੁੰਦਾ ਰਹੇਗਾ) ਪਰ ਜਦ ਵੀ ਕਿਸੇ ਸਮਾਜੀ ਸੰਸਥਾ ਦੀ ਹੋਂਦ ਨੂੰ ਜ਼ੋਰੋ-ਜਬਰੀ ਖੋਰਨ ਤੇ ਜਜ਼ਬ ਕਰਨ ਦੀ ਕੋਈ ਕੋਸ਼ਿਸ਼ ਸਾਹਮਣੇ ਆਈ ਹੈ, ਤਾਂ ਸਬੰਧਤ ਸੰਸਥਾ ਨੇ ਇਸ ਵਿਰੁੱਧ ਹਮੇਸ਼ਾ ਹੀ ਆਪਣੇ ਵਿਤ ਮੂਜਬ ਸਿਰਤੋੜ ਜੱਦੋਜਹਿਦ ਕੀਤੀ ਹੈ। ਸੋ ਜਦ ਕੁੱਝ ਹਿੰਦੂ ਸਾਵਨਵਾਦੀ ਤਾਕਤਾਂ ਨੇ ਆਪਣੇ ਕਪਟੀ ਮਨਸ਼ਿਆਂ ਅਧੀਨ ਸਿੱਖ ਧਰਮ ਦੀ ਵੱਖਰੀ, ਸੁਤੰਤਰ ਹੋਂਦ ਤੇ ਪਹਿਚਾਣ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ ਤਾਂ ਸਿੱਖ ਜਗਤ ਅੰਦਰੋਂ, ਆਪਣੀ ਵਿਲੱਖਣ ਹੋਂਦ ਤੇ ਹਸਤੀ ਨੂੰ ਬਰਕਰਾਰ ਰੱਖਣ ਹਿਤ, "ਸਿੰਘ ਸਭਾ ਲਹਿਰ" ਦੇ ਰੂਪ 'ਚ ਇਹ ਮੋੜਵਾਂ ਉੱਤਰ ਸੁਣਾਈ ਦਿੱਤਾ ਕਿ ਹਮ ਹਿੰਦੂ ਨਹੀਂ ਹੈਂ। ਇਹ ਸੀ ਉਹ ਅਸਲ ਮਸਲਾ ਜਿਸਨੇ ਸਿੱਖ ਜਗਤ ਦੇ ਵਡੇਰੇ ਹਿਸਿਆਂ ਦੀ ਸੋਚ ਤੇ ਜਜ਼ਬਾਤਾਂ ਨੂੰ ਟੁੰਬਿਆ। ਕਿਉਂ ? ਕਿਉਂਕਿ ਇਸ ਮਸਲੇ ਦਾ ਆਮ ਸਿੱਖ ਜਨਤਾ ਦੀ ਜ਼ਿੰਦਗੀ ਨਾਲ ਸਿੱਧਾ ਸਬੰਧ ਜੁੜਦਾ ਸੀ।

[ਇੱਥੇ ਕੁੱਝ ਸਿੱਧੜ 'ਕਮਿਊਨਿਸਟ' ਹਲਕਿਆਂ ਜਾਂ ਹਸਤੀਆਂ ਵੱਲੋਂ ਇੱਕ ਦਲੀਲ ਇਹ ਆ ਸਕਦੀ ਹੈ ਕਿ ਇਸ ਸਾਰੇ ਵਾਦ-ਵਿਵਾਦ ਦਾ ਭਲਾ ਇੱਕ ਆਮ ਗਰੀਬ ਸਿੱਖ ਦੀ ਜ਼ਿੰਦਗੀ ਨਾਲ ਕੀ ਵਾਹ-ਵਾਸਤਾ ਸੀ ? ਕੀ ਇਹ 'ਸਿੱਖ ਧਰਮ ਦੇ ਠੇਕੇਦਾਰਾਂ' ਵੱਲੋਂ ਆਪਣਾ ਉੱਲੂ ਸਿੱਧਾ ਕਰਨ ਲਈ ਵਰਤਿਆ ਕਪਟੀ ਨਾਹਰਾ ਨਹੀਂ ਸੀ ? ਜਿਹੜੇ ਸ਼ਖਸ (ਅਖੌਤੀ ਕਮਿਊਨਿਸਟ) ਮਨੁੱਖ ਨੂੰ ਮਹਿਜ਼ ਇੱਕ ਆਰਥਕ ਤੇ ਸਿਆਸੀ ਕਰਨਹਾਰ (ਏਜੰਟ) ਤੋਂ ਵੱਧ ਹੋਰ ਕੁਝ ਨਹੀਂ ਸਮਝਦੇ, ਉਹਨਾਂ ਨੂੰ ਜ਼ਿੰਦਗੀ ਦੇ ਇਸ ਬੁਨਿਆਦੀ ਮਸਲੇ ਦੀ ਕਦੇ ਵੀ ਸਮਝ ਨਹੀਂ ਆ ਸਕਦੀ। ਉਹ ਆਪਣੇ ਆਪ ਨੂੰ ਸਭਿਆਚਾਰਕ ਖੇਤਰ ਅੰਦਰ 'ਮੰਨੀ-ਪ੍ਰਮੰਨੀ ਹਸਤੀ' ਸਮਝਣ ਜਾਂ ਸਦਵਾਉਣ ਦਾ ਭਰਮ ਤਾਂ ਪਾਲ ਸਕਦੇ ਹਨ, ਪਰ ਮਨੁੱਖ ਦੀ ਜ਼ਿੰਦਗੀ ਤੇ ਸ਼ਖਸੀਅਤ ਅੰਦਰ ਸਭਿਆਚਾਰ ਦੇ ਅਤਿ-ਮਹੱਤਵਪੂਰਨ ਰੋਲ ਦੀ ਉਹਨਾਂ ਨੂੰ ਉੱਕਾ ਹੀ ਕੋਈ ਸਮਝ ਨਹੀਂ।]

ਜਦੋਂ ਹਿੰਦੂ ਸ਼ਾਵਨਵਾਦੀ ਤਾਕਤਾਂ ਸਿੱਖ ਧਰਮ ਦੀ ਵੱਖਰੀ, ਸੁਤੰਤਰ ਹੋਂਦ ਤੇ ਪਹਿਚਾਣ ਮੰਨਣ ਤੋਂ ਇਨਕਾਰੀ ਹੁੰਦੀਆਂ ਹਨ ਅਤੇ ਸਿੱਖ ਮੱਤ ਨੂੰ ਹਿੰਦੂ ਧਰਮ ਦੇ ਹੀ ਇੱਕ ਸ਼ਾਖ-ਅੰਗ ਦੇ ਤੌਰ 'ਤੇ ਪੇਸ਼ ਕਰਨ ਦੀ ਜ਼ਿਦ ਕਰਦੀਆਂ ਹਨ ਤਾਂ ਇਹ ਇੱਕ ਅਜਿਹਾ ਸਮਾਜੀ ਤੇ ਸਿਆਸੀ ਮਸਲਾ ਬਣ ਜਾਂਦਾ ਹੈ ਜਿਹੜਾ ਸਿੱਖ ਜਨਤਾ ਨੂੰ ਸਿੱਧੇ ਰੂਪ 'ਚ ਪਰਭਾਵਿਤ ਕਰਦਾ ਹੈ। ਇੱਕ ਬ੍ਰਾਹਮਣਵਾਦ-ਵਿਰੋਧੀ ਸੋਚ-ਪ੍ਰਬੰਧ ਤੇ ਇਸ ਆਧਾਰ 'ਤੇ ਉਸਰੇ ਸਮੁੱਚੇ ਸਮਾਜੀ-ਸਭਿਆਚਾਰਕ ਕਦਰ-ਪ੍ਰਬੰਧ ਨੂੰ ਬ੍ਰਾਹਮਣਵਾਦ ਦਾ ਹੀ ਬੋਣ-ਅੰਗ ਬਣਾਕੇ ਪੇਸ਼ ਕਰਨਾ, ਸਿੱਖ ਮੱਤ ਅਤੇ ਸਿੱਖ ਲਹਿਰ ਨਾਲ ਘੋਰ ਅਨਿਆਂ ਕਰਨਾ ਹੈ। ਇਹ ਫਿਰਕਾਪ੍ਰਸਤ ਜਾਤ-ਪ੍ਰਸਤ ਤਾਕਤਾਂ ਦੀ ਨਾ ਸਿਰਫ਼ ਸਿੱਖ ਧਰਮ ਦੇ ਮੂਲ ਸਿਧਾਂਤਾਂ ਨੂੰ ਇਹਨਾਂ ਦੇ ਬ੍ਰਾਹਮਣਵਾਦ-ਵਿਰੋਧੀ ਡੰਗ ਤੋਂ ਵਿਰਵਿਆਂ ਕਰਨ ਦੀ ਇੱਕ ਸ਼ਾਤਰਾਨਾ ਚਾਲ ਹੈ, ਸਗੋਂ ਸਮੁੱਚੇ ਸਿੱਖ ਇਤਿਹਾਸ ਤੇ ਸਭਿਆਚਾਰਕ ਵਿਰਸੇ ਨੂੰ ਬ੍ਰਾਹਮਣਵਾਦੀ ਰੰਗਤ ਦੇ ਕੇ ਸ਼ਕਲੋਂ-ਬੇਸ਼ਕਲ ਕਰਨ, ਅਤੇ ਇਉਂ ਧੋਖੇ ਤੇ ਮੱਕਾਰੀ ਨਾਲ ਲੋਕਾਂ ਨੂੰ ਉਹਨਾਂ ਦੇ ਆਪਣੇ ਸਭਿਆਚਾਰ ਤੇ ਸਭਿਆਚਾਰਕ ਵਿਰਸੇ (Cultural heritage) ਤੋਂ ਬੇਮੁਖ ਕਰਨ ਦੀ ਇੱਕ ਘਾਤਕ ਵਿਉਂਤ ਹੈ। ਅਤੇ ਇਸ ਮਾਮਲੇ ਦਾ ਸਭ ਤੋਂ ਮੰਦਭਾਗਾ ਤੇ ਘਿਨਾਉਣਾ ਪਹਿਲੂ ਇਹ ਹੈ ਕਿ ਪੰਜਾਬ ਦਾ ਹਿੰਦੂ ਵਰਗ, ਖਾਸ ਕਰਕੇ ਇਸ ਅੰਦਰਲੀ ਧਨਾਢ, ਲੁਟੇਰੀ ਪਰਤ ਭਾਰਤ ਦੀਆਂ ਫਿਰਕਾਪ੍ਰਸਤ ਤੇ ਜਾਤਪ੍ਰਸਤ ਤਾਕਤਾਂ ਦੀ ਇਸ ਲੋਕ-ਦੁਸ਼ਮਣ ਸ਼ਤਰੰਜੀ ਖੇਡ ਅੰਦਰ ਮੋਹਰੇ ਦੇ ਤੌਰ 'ਤੇ ਵਰਤੇ ਜਾਣ ਲਈ ਤਿਆਰ ਹੋ ਗਿਆ।

ਅੰਗਰੇਜ਼ੀ ਰਾਜ ਹੇਠ ਸਿੱਖ, ਹਿੰਦੂ ਵਸੋਂ ਦੇ ਮੁਕਾਬਲੇ ਭਾਰਤੀ ਵਸੋਂ ਦੀ ਇੱਕ ਬਹੁਤ ਹੀ ਨਿਗੂਣੀ ਘੱਟ ਗਿਣਤੀ ਬਣਦੇ ਸਨ। ਇਸ ਕਰਕੇ, ਹਿੰਦੂ ਸ਼ਾਵਨਵਾਦੀ ਤਾਕਤਾਂ ਦੇ ਇਹਨਾਂ ਖੋਟੇ ਮਨਸੂਬਿਆਂ ਤੇ ਆਕਰਮਣਸ਼ੀਲ ਰਵਈਏ ਦੇ ਸਨਮੁੱਖ ਉਹਨਾਂ ਅੰਦਰ ਅਸੁਰੱਖਿਅਤਾ ਦੀ ਭਾਵਨਾ ਪੈਦਾ ਹੋਣੀ ਐਨ ਸੁਭਾਵਕ ਸੀ। ਇਸ ਡਰ ਤੇ ਸੁਰੱਖਿਅਤਾ ਦੀ ਭਾਵਨਾ 'ਚੋਂ ਉਹਨਾਂ ਨੇ ਆਪਣੀ ਵੱਖਰੀ, ਸੁਤੰਤਰ ਹੋਂਦ ਤੇ ਸ਼ਨਾਖਤ ਦਾ ਨਾਹਰਾ

ਬੁਲੰਦ ਕੀਤਾ ਤੇ ਇਸਦੀ ਰਾਖੀ ਲਈ ਵੇਲੇ ਦੀ ਰਾਜ ਸ਼ਕਤੀ ਦੀ ਹਮਾਇਤ 'ਤੇ ਓਟ ਹਾਸਲ ਕਰਨ ਲਈ ਵੀ ਉਪਰਾਲੇ ਕੀਤੇ। ਵੇਲੇ ਦੀ ਰਾਜ-ਸ਼ਕਤੀ (ਅੰਗਰੇਜ਼ ਹਕੂਮਤ) ਨੇ ਆਪਣੀਆਂ ਰਾਜਸੀ ਲੋੜਾਂ ਤਹਿਤ ਭਾਰਤੀ ਸਮਾਜ ਦੇ ਇਹਨਾਂ ਵਿਰੋਧਾਂ ਨੂੰ ਬਹੁਤ ਹੀ ਹੁਸ਼ਿਆਰੀ ਤੇ ਹੁਨਰ ਨਾਲ ਵਰਤਿਆ। ਉਸ ਮੌਕੇ ਦੀ ਸਿੱਖ ਸਿਆਸਤ ਉੱਤੇ ਧਨਾਢ ਸਿੱਖ ਵਰਗ ਦੀ ਸਰਦਾਰੀ ਹੋਣ ਸਦਕਾ ਅੰਗਰੇਜ਼ ਹਾਕਮਾਂ ਲਈ ਆਪਣੀ ਇਹ ਲੋਕ-ਦੁਸ਼ਮਣ ਸਿਆਸੀ ਖੇਡ੍ਹ ਖੇਡ੍ਹਣੀ ਹੋਰ ਵੀ ਸੁਖਾਲੀ ਹੋ ਗਈ। ਸਿੱਟੇ ਵਜੋਂ, ਕਾਫੀ ਦੇਰ ਤੱਕ ਭਾਰੂ ਸਿੱਖ ਸਿਆਸਤ ਬਾਹਰਮੁਖੀ ਤੌਰ 'ਤੇ, ਅੰਗਰੇਜ਼ ਹਾਕਮਾਂ ਦੇ ਬਸਤੀਵਾਦੀ ਰਾਜ ਦੀ ਹਮਾਇਤ ਦੇ ਪੈਂਤੜੇ 'ਚ ਭੁਗਤਦੀ ਰਹੀ।

ਸਮੱਸਿਆ ਨੇ ਵੱਧ ਗੰਭੀਰ ਰੂਪ ਉਦੋਂ ਅਖਤਿਆਰ ਕੀਤਾ ਜਦ 1947 ਵਿਚ ਰਾਜ-ਸ਼ਕਤੀ ਸਿੱਧੀ ਹਿੰਦੂ ਸ਼ਾਵਨਵਾਦੀ ਤਾਕਤਾਂ ਦੇ ਹੱਥ ਆ ਗਈ। ਇਸ ਕਰਕੇ ਫਿਰਕਾਪ੍ਰਸਤ-ਜਾਤਪ੍ਰਸਤ ਹਿੰਦੂ ਸ਼ਾਵਨਵਾਦੀ ਤਾਕਤਾਂ ਦੇ ਰਾਜ ਹੇਠ ਸਿੱਖ ਆਪਣੀ ਵਖਰੀ, ਸੁਤੰਤਰ ਸਭਿਆਚਾਰਕ ਹੋਂਦ ਤੇ ਪਹਿਚਾਣ ਨੂੰ, ਅੰਗਰੇਜ਼ੀ ਰਾਜ ਨਾਲੋਂ ਵੀ ਵੱਧ ਤਿੱਖੇ ਰੂਪ 'ਚ ਖਤਰੇ-ਮੂੰਹ ਆਈ ਦੇਖਣ ਲੱਗ ਪਏ। ਅਤੇ ਉਹਨਾਂ ਦੇ ਇਹ ਖਦਸ਼ੇ ਕੋਈ ਨਿਰ-ਅਧਾਰ ਵੀ ਨਹੀਂ ਸਨ। 1947 ਤੋਂ ਬਾਅਦ ਭਾਰਤ ਦੇ ਫਿਰਕਾ-ਪ੍ਰਸਤ/ਜਾਤਪ੍ਰਸਤ ਹਾਕਮਾਂ ਵਲੋਂ ਅਪਣਾਈਆਂ ਵਿਤਕਰੇਬਾਜ਼ ਤੇ ਧੱਕੜਸ਼ਾਹ ਨੀਤੀਆਂ ਨੇ ਨਾ ਸਿਰਫ ਸਿਖਾਂ ਦੇ ਸ਼ੰਕਿਆਂ ਦੀ ਪੁਸ਼ਟੀ ਕੀਤੀ ਹੈ, ਸਗੋਂ ਸਮੱਸਿਆ ਨੂੰ ਹੋਰ ਵੀ ਗੰਭੀਰ ਤੇ ਉਲਝਣਦਾਰ ਬਣਾ ਦਿੱਤਾ ਹੈ।

ਸੋ, ਇਸ ਪਰਸੰਗ ਵਿਚ ਦੇਖਿਆਂ ਹਿੰਦੂ-ਸਿੱਖ ਤਨਾਅ ਦਾ ਮੂਲ ਕਾਰਨ ਆਰੀਆ ਸਮਾਜ ਦੇ ਬਾਨੀਆਂ ਵਲੋਂ ਸਿੱਖ ਗੁਰੂਆਂ ਵਿਰੁਧ ਨਿਰਾਦਰੀ ਭਰੇ ਬੋਲ ਵਰਤਣਾ ਨਹੀਂ ਬਣਦਾ। ਇਸਨੂੰ ਇਕ ਬਹੁ-ਭਾਂਤੀ ਸਮਾਜ (Pluralistic Society) ਅੰਦਰ ਘੱਟ-ਗਿਣਤੀ ਤੇ ਬਹੁਗਿਣਤੀ ਦੇ ਆਪਸੀ ਸਬੰਧਾਂ ਤੇ ਰਾਜ-ਸ਼ਕਤੀ ਦੇ ਰੋਲ ਦੇ ਸੰਦਰਭ 'ਚ ਰੱਖਕੇ ਦੇਖਿਆ ਜਾਣਾ ਚਾਹੀਦਾ ਹੈ। ਜੇ ਅਜਿਹੀ ਵਿਗਿਆਨਕ ਤੇ ਤਰਕਸ਼ੀਲ ਪਹੁੰਚ ਨਹੀਂ ਅਪਣਾਈ ਜਾਂਦੀ ਤਾਂ ਸਤਹੀ ਕਾਰਨਾਂ ਨੂੰ ਮੂਲ ਕਾਰਨ ਸਮਝ ਬੈਠਣ ਦੀ ਭੁੱਲ ਇੱਕ ਗੰਭੀਰ ਵਿਚਾਰਧਾਰਕ ਤੇ ਸਿਆਸੀ ਕੁਰਾਹੇ ਵੱਲ ਲੈ ਜਾਵੇਗੀ। ਮਾਰਕਸਵਾਦੀ-ਲੈਨਿਨਵਾਦੀ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਇੱਕ ਧਾਰਮਿਕ ਸ਼ਰਧਾਲੂ ਦੇ ਭਾਵਕ ਪ੍ਰਤੀਕਰਮ ਵਿਚ ਨਖੇੜੇ ਦੀ ਲਾਈਨ ਕਦੇ ਵੀ ਧੁੰਦਲੀ ਜਾਂ ਮੱਧਮ ਨਹੀਂ ਪੈਣੀ ਚਾਹੀਦੀ। ਸਿੱਖ-ਨਿਰੰਕਾਰੀ ਝਗੜੇ ਨੂੰ ਵੀ ਇਸ ਪਰ-ਸੰਗ 'ਚ ਹੀ ਦੇਖਿਆ ਜਾਣਾ ਚਾਹੀਦਾ ਹੈ। ਜੇ ਨਿਰੰਕਾਰੀ ਸਰਗਰਮੀਆਂ ਪਿੱਛੇ ਭਾਰਤ ਦੀਆਂ ਫਿਰਕਾਪ੍ਰਸਤ/ਜਾਤਪ੍ਰਸਤ ਹਾਕਮ ਜਮਾਤਾਂ ਤੇ ਉਹਨਾਂ ਦੇ ਹਿੱਤਾਂ ਦੀ ਤਰਜਮਾਨ ਸਿੱਖ-ਵਿਰੋਧੀ ਰਾਜ-ਸ਼ਕਤੀ ਦਾ ਹੱਥ ਤੇ ਦਖਲ ਨਾ ਹੁੰਦਾ, ਤਾਂ ਇਹ ਮਸਲਾ ਨਿਰੰਕਾਰੀਆਂ ਤੇ ਦਮਦਮੀ ਟਕਸਾਲ ਦੇ ਮੁਠੀ ਭਰ ਕੱਟੜ ਸ਼ਰਧਾਲੂਆਂ ਵਿਚਕਾਰ ਸਥਾਨਕ ਝੜਪਾਂ ਤੱਕ ਹੀ ਸੀਮਤ ਰਹਿਣਾ ਸੀ, ਅਤੇ ਸਮਾਂ ਪੈਣ ਨਾਲ ਇਸਨੇ ਆਪ ਹੀ ਦਬ-ਮਰ ਜਾਣਾ ਸੀ। ਭਿੰਡਰਾਂਵਾਲੇ ਦੀ ਅਪੀਲ ਨੂੰ ਸਿਖ ਜਗਤ ਅੰਦਰੋਂ ਮਿਲੇ ਇੰਨੇ ਭਰਵੇਂ ਹੁੰਗਾਰੇ ਦਾ ਕਾਰਨ ਇਹ ਨਹੀਂ (ਸੀ) ਕਿ ਆਮ ਸਿੱਖ ਜਨਤਾ, ਨਿਰੰਕਾਰੀ ਮੁਖੀਆਂ ਵਲੋਂ ਸਿੱਖ ਗੁਰੂਆਂ ਤੇ ਉਹਨਾਂ ਦੇ ਧਾਰਮਿਕ ਗਰੰਥ ਦੀ ਕੀਤੀ ਕਹੀ ਜਾਂਦੀ ਬੇਅਦਬੀ ਵਿਰੁਧ ਰੋਹ ਤੇ ਗੁੱਸੇ ਨਾਲ ਖੌਲ ਰਹੀ ਸੀ। ਜੋ ਅਕਸਰ ਪ੍ਰਤੀਤ ਹੁੰਦਾ ਹੈ, ਉਹ ਹਕੀਕਤ ਨਹੀਂ ਹੁੰਦੀ। ਬਹੁਤੇ ਮਾਰਕਸਵਾਦੀਆਂ ਦਾ ਦੁਖਾਂਤ ਹੀ ਇਹ ਹੈ ਕਿ ਉਹ ਪਰਤੀਤ ਹੁੰਦੇ ਸਤਹੀ ਤੱਥਾਂ ਦੇ ਅਧਾਰ 'ਤੇ ਮਸਲੇ ਪ੍ਰਤੀ ਗਲਤ ਪਹੁੰਚ ਅਖਤਿਆਰ ਕਰਨ, ਅਤੇ ਇਉਂ ਬਾਹਰਮੁਖੀ ਤੌਰ 'ਤੇ ਲੋਕ-ਦੋਖੀ ਭੂਮਿਕਾ ਨਿਭਾਉਣ ਲਈ ਸਰਾਪੇ ਜਾਂਦੇ ਹਨ। ਬਹੁਤੇ ਮਾਰਕਸਵਾਦੀ ਸਿੱਖ-ਨਿਰੰਕਾਰੀ ਝਗੜੇ ਨੂੰ ਬਹੁਤ ਹੀ ਸਤਹੀ ਰੂਪ 'ਚ, ਇਸ ਦੇ ਪ੍ਰਤੀਤ ਹੁੰਦੇ ਰੂਪ 'ਚ ਹੀ ਲੈਂਦੇ ਰਹੇ ਹਨ ਅਤੇ ਸਾਰਾ ਦੋਸ਼ ਭਿੰਡਰਾਂਵਾਲੇ ਦੇ ਅਸਹਿਣਸ਼ੀਲ ਤੇ "ਜਨੂੰਨੀ" ਰਵਈਏ ਉਤੇ ਸੁਟਕੇ, ਸਿੱਖ ਜਨਤਾ ਨੂੰ "ਫਿਰਕਾਪ੍ਰਸਤੀ ਦੀ ਪ੍ਰੇਤਛਾਇਆ ਤੋਂ ਦੂਰ ਰਹਿਣ" ਦੀਆਂ ਅੰਧਾ-ਧੁੰਦ ਅਪੀਲਾਂ ਕਰਾਉਂਦੇ ਰਹੇ ਹਨ, ਆਪਣੇ ਆਪ ਨੂੰ 'ਮਾਰਕਸਵਾਦੀ' ਅਖਵਾਉਂਦੀਆਂ ਇਹਨਾਂ ਤਾਕਤਾਂ ਦੀਆਂ ਬਾਜ਼ ਧੁਰਲੀਆਂ ਇਹਨਾਂ ਦੇ ਸਮੁੱਚੇ ਨੀਤੀ ਨਿਰ-ਣਿਆਂ ਉਤੇ ਕੂੜੀਕਾਲੀ ਸਿਆਹੀ 'ਚ ਕਾਟੇ ਦਾ ਨਿਸ਼ਾਨ ਫੇਰਦੀਆਂ ਹਨ। ਲੋੜ ਸਿੱਖ-ਨਿਰੰਕਾਰੀ ਝਗੜੇ ਮੌਕੇ ਵੀ ਤੇ ਅੱਜ ਵੀ ਸਿੱਖ ਮਸਲੇ ਨੂੰ ਇੱਕ ਬਹੁ-ਭਾਂਤੀ ਸਮਾਜ ਅੰਦਰ ਘੱਟ-ਗਿਣਤੀ ਤੇ ਬਹੁ-ਗਿਣਤੀ ਦੇ ਆਪਸੀ ਸਬੰਧਾਂ ਤੇ ਰਾਜ-ਸ਼ਕਤੀ ਦੇ ਰੋਲ ਦੇ ਸੰਦਰਭ ਵਿਚ ਰੱਖਕੇ ਦੇਖਣ ਦੀ ਹੈ। ਸਿਰਫ ਇਸ ਤਰ੍ਹਾਂ ਹੀ ਮਸਲੇ ਦੀ ਦਰੁਸਤ ਪਛਾਣ ਤੇ ਇਸਦਾ ਦਰੁਸਤ ਹੱਲ ਪੇਸ਼ ਕੀਤਾ ਜਾ ਸਕਦਾ ਹੈ।

## ......ਤੇ ਧਾਰਮਕ ਟੱਕਰ ਕੌਮੀ ਟੱਕਰ 'ਚ ਪਲਟ ਗਈ

ਭਾਵੇਂ ਆਪਣੀਆਂ ਮੂਲ-ਸਥਾਪਨਾਵਾਂ (Basic Post-

ulates) ਤੇ ਉਸ ਪੱਖੋਂ ਸਿੱਖ ਧਰਮ ਵੀ ਈਸਾਈ, ਮੁਸਲਮ ਤੇ ਬੁੱਧ ਮੱਤ ਵਾਂਗ ਇੱਕ ਜਗਤ-ਵਿਆਪਕ ਧਾਰਮਿਕ ਮੱਤ (Universal religion) ਦੀ ਕਿਸਮ-ਵੰਡ (Category) ਵਿਚ ਆਉਂਦਾ ਹੈ, ਪਰ, ਅਮਲੀ ਤੌਰ 'ਤੇ, ਸਿੱਖ ਧਰਮ ਪੰਜਾਬੀ ਕੌਮੀਅਤ ਦੀਆਂ (ਕੌਮੀਅਤ ਪੱਖੋਂ, ਨਾ ਕਿ ਭੂਗੋਲਿਕ ਪੱਖ ਤੋਂ) ਵਲਗਣਾਂ ਪਾਰ ਨਹੀਂ ਕਰ ਸਕਿਆ। ਸਿੱਟੇ ਵਜੋਂ ਸਿੱਖ ਧਰਮ ਇਕ ਨਿਸ਼ਚਿਤ ਭੂਗੋਲਿਕ ਖਿੱਤੇ ਅੰਦਰ ਹੀ ਜਨਮਿਆਂ ਤੇ ਵਧਿਆ ਫੁਲਿਆ ਅਤੇ ਇਸਦੇ ਪੈਰੋਕਾਰਾਂ ਨੇ ਇਕੋ ਜਨਮ-ਭੂਮੀ, ਇਕੋ ਬੋਲੀ, ਇਕੋ ਇਤਿਹਾਸਕ ਵਿਰਸੇ ਤੇ ਇਕੋ ਸਭਿਆਚਾਰ ਨੂੰ ਪਰਨਾਈ ਕਮਿਊਨਿਟੀ ਦਾ ਸਰੂਪ ਅਖਤਿਆਰ ਕੀਤਾ। ਇਕ ਕੌਮੀਅਤ ਵਾਲੇ ਇਹ ਅੰਸ਼, ਸਿੱਖ ਧਰਮ ਤੇ ਇਸ ਦੀਆਂ ਸਮੱਸਿਆਵਾਂ ਨੂੰ ਸੰਸਾਰ ਦੇ ਹੋਰਨਾਂ ਧਰਮਾਂ ਨਾਲੋਂ ਅਹਿਮ ਰੂਪ 'ਚ ਵਖਰਿਆਉਂਦੇ ਹਨ। ਮੁਸਲਮਾਨ, ਈਸਾਈ ਤੇ ਬੋਧੀ ਅੱਡ-ਅੱਡ ਭੂਗੋਲਿਕ ਖਿੱਤਿਆਂ 'ਚ ਵਸਦੀਆਂ, ਅੱਡ-ਅੱਡ ਭਾਸ਼ਾਵਾਂ ਬੋਲਣ ਵਾਲੀਆਂ, ਵੱਖੋ-ਵੱਖਰੇ ਸਭਿਆਚਾਰਕ-ਇਤਿਹਾਸਕ ਵਿਰਸੇ ਦੀਆਂ ਮਾਲਕ ਕੌਮਾਂ ਵਿਚਕਾਰ ਵੰਡੇ ਹੋਏ ਹਨ, ਜਦ ਕਿ ਸਮੁੱਚੇ ਸਿੱਖ, ਇਹਨਾਂ ਸਾਰੇ ਅਹਿਮ ਪੱਖਾਂ ਤੋਂ ਇਕੋ **ਪੰਜਾਬੀ ਕੌਮ** ਦਾ ਹੀ ਅੰਗ ਹਨ। ਦੂਜਾ, ਕੁੱਝ ਇਤਿਹਾਸਕ ਫੈਕਟਰਾਂ ਕਾਰਨ (ਜਿਨ੍ਹਾਂ ਦੇ ਵਿਸਥਾਰ 'ਚ ਜਾਣ ਦੀ ਲੋੜ ਤਾਂ ਹੈ ਪਰ ਹਥਲੀ ਲਿਖਤ ਦੀਆਂ ਸੀਮਾਵਾਂ ਇਸ ਦੀ ਇਜਾਜ਼ਤ ਨਹੀਂ ਦਿੰਦੀਆਂ] ਸਿੱਖ **ਪੰਜਾਬੀ ਕੌਮ** ਦੇ ਸਭ ਤੋਂ ਜਾਨਦਾਰ, ਜੁਝਾਰ ਤੇ ਗਤੀਸ਼ੀਲ ਅੰਗ ਦੇ ਤੌਰ 'ਤੇ ਉੱਭਰ ਆਏ। ਖਾਸ ਕਰਕੇ, ਕੌਮੀਅਤ ਦੇ ਅਜੋਕੇ ਅਰਥਾਂ ਵਿੱਚ, ਸਿੱਖਾਂ ਨੇ ਇਸ ਭੂਗੋਲਿਕ ਖਿੱਤੇ (ਪੰਜਾਬ) ਅੰਦਰ ਵੱਖਰੀ ਸਭਿਆਚਾਰਕ ਪਛਾਣ ਸਥਾਪਤ ਤੇ ਪਰਫੁੱਲਤ ਕਰਨ 'ਚ ਕੇਂਦਰੀ ਰੋਲ ਨਿਭਾਇਆ। ਸਭਿਆਚਾਰ ਦੇ ਕੁੰਜੀਵਤ ਅੰਗ —ਇੱਥੋਂ ਦੇ ਬਸ਼ਿੰਦਿਆਂ ਦੀ ਮਾਂ-ਬੋਲੀ ਦੀ ਆਪਣੀ ਵੱਖਰੀ ਸਖਸ਼ੀਅਤ ਤੇ ਨੁਹਾਰ ਘੜਨ ਤੇ ਇਸ ਨੂੰ ਹੋਰ ਵੱਧ ਨਿਖਾਰਨ ਤੇ ਵਿਗਸਾਉਣ ਲਈ **ਗੁਰਮੁਖੀ** ਲਿਪੀ ਦੀ ਵਰਤੋਂ ਤੇ ਵਿਕਾਸ ਵਲ ਜੋ ਤਵੱਜੋ ਸਿੱਖ ਗੁਰੂਆਂ ਨੇ ਦਿੱਤੀ ਅਤੇ ਇਸ ਦੀ ਅਹਿਮੀਅਤ ਨੂੰ ਜਿਸ ਕਦਰ ਸਿੱਖ ਗੁਰੂਆਂ ਨੇ ਪਛਾਣਿਆਂ, ਇਹ ਕਿਸੇ ਵਿਆਖਿਆ ਦਾ ਮੁਥਾਜ ਨਹੀਂ। ਇਸ ਬੁਨਿਆਦੀ ਵਜ੍ਹਾ ਕਰਕੇ ਹੀ ਸਿੱਖਾਂ ਨੇ, ਆਮ ਕਰਕੇ, ਪੰਜਾਬੀ ਨੂੰ ਸਭ ਤੋਂ ਵੱਧ ਜੀਅ-ਜਾਨ ਨਾਲ ਅਪਣਾਇਆ ਤੇ ਇਸ ਦੇ ਵਿਕਾਸ ਲਈ ਤਕੜੀਆਂ ਘਾਲਣਾ ਘਾਲੀਆਂ। ਇਸ ਅਫਸੋਸਨਾਕ ਹਕੀਕਤ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਦੇ ਦੂਜੇ ਦੋਨੋਂ ਮੁਖ ਧਾਰਮਿਕ ਫਿਰਕੇ—ਹਿੰਦੂ ਤੇ ਮੁਸਲਮਾਨ—ਇਸ ਮਾਮਲੇ 'ਚ ਧਾਰਮਿਕ ਪੱਖਪਾਤਾਂ ਤੋਂ ਉਪਰ ਉਠਕੇ ਆਪਣੀ ਮਾਂ-ਬੋਲੀ ਨਾਲ ਬਣਦਾ ਇਨਸਾਫ ਨਾ ਕਰ ਸਕੇ। [1947 ਵਿਚ ਦੇਸ਼ ਦੇ ਬਟਵਾਰੇ ਨਾਲ ਮੁਸਲਮਾਨਾਂ ਦੇ ਮੁਖ ਤੌਰ 'ਤੇ ਪੱਛਮੀ ਪੰਜਾਬ ਅੰਦਰ ਚਲੇ ਜਾਣ ਤੋਂ ਬਾਅਦ ਉਹ, ਇਸ ਮਾਮਲੇ 'ਚ ਦ੍ਰਿਸ਼ ਤੋਂ ਲਾਂਭੇ ਹੋ ਗਏ ਅਤੇ ਹਿੰਦੂ ਵਰਗ ਦੇ ਵੱਡੇ ਹਿੱਸੇ ਨੇ, ਆਰੀਆ ਸਮਾਜੀ ਵਿਚਾਰਧਾਰਾ ਦੇ ਕੁਲਹਿਣੇ ਅਸਰ ਹੇਠ, ਕਿਤੇ ਜਿਆਦਾ ਨੰਗੇ ਤੇ ਤਿੱਖੇ ਰੂਪ 'ਚ ਪੰਜਾਬੀ ਵਿਰੋਧੀ ਰੁਖ ਅਖਤਿਆਰ ਕਰ ਲਿਆ।] ਦੂਜਾ, ਕੌਮੀ ਚੇਤੰਨਤਾ ਦੇ ਪੱਖ ਤੋਂ, ਕਿਸੇ ਬੇਗਾਨੀ ਕੇਂਦਰੀ ਹੁਕਮਰਾਨ ਤਾਕਤ ਦੀ ਅਧੀਨਗੀ ਕਬੂਲ ਕਰਨ ਤੋਂ ਨਾਬਰ ਹੋਣ, ਅਤੇ ਇਥ ਭੂਗੋਲਿਕ ਖਿੱਤੇ ਅੰਦਰ ਆਪਣੀ ਸੁਤੰਤਰ ਸਿਆਸੀ ਤਾਕਤ (ਪ੍ਰਭੂਸੱਤਾ) ਸਥਾਪਤ ਕਰਨ ਦੀ ਰੀਝ ਤੇ ਜਜ਼ਬੇ ਦਾ ਸਭ ਤੋਂ ਜ਼ੋਰਦਾਰ ਪਰਗਟਾਅ **ਸਿੱਖ ਲਹਿਰ** ਦੇ ਰੂਪ 'ਚ ਹੀ ਸਾਹਮਣੇ ਆਇਆ। ਮੱਧ-ਯੁੱਗ ਅੰਦਰ ਮੁਸਲਮਾਨ ਫਿਰਕੇ ਨੇ ਅਤੇ 1947 ਤੋਂ ਬਾਅਦ ਪੰਜਾਬ ਦੇ ਹਿੰਦੂ ਵਰਗ ਨੇ, ਦਿੱਲੀ ਦਰਬਾਰ ਨਾਲ ਆਪਣੀ ਧਾਰਮਿਕ ਰੂਹਾਨੀ ਸਾਂਝ ਨੂੰ ਹਮੇਸ਼ਾਂ ਹੀ ਪੰਜਾਬ ਦੇ ਕੌਮੀ ਹਿਤਾਂ ਨਾਲੋਂ ਪਰਮੁੱਖਤਾ ਬਖਸ਼ੀ ਅਤੇ ਇਸ ਖਿੱਤੇ ਅੰਦਰ ਸਿਆਸੀ ਪ੍ਰਭੂਸਤਾ ਲਈ ਘੋਲ ਪ੍ਰਤੀ ਦੁਸ਼ਮਣ-ਖੋਰ ਰਵੱਈਆ ਅਪਣਾਉਂਦਿਆਂ, ਦਿੱਲੀ ਦਰਬਾਰ ਦਾ ਸਾਥ ਦਿੱਤਾ। ਅੰਗਰੇਜ਼ੀ ਰਾਜ ਵਿਰੁਧ ਆਜ਼ਾਦੀ ਸੰਗਰਾਮ ਦੌਰਾਨ, ਪੰਜਾਬ ਅੰਦਰ ਮੁਸ਼ਕਲ ਨਾਲ ਤਿੰਨ ਕੁ ਦਹਾਕਿਆਂ ਦਾ ਥੋੜ੍ਹਾ ਅਰਸਾ ਹੀ ਅਜਿਹਾ ਬਣਦਾ ਹੈ ਜਦ ਪੰਜਾਬੀ ਲੋਕਾਂ ਨੇ ਕਾਫੀ ਹੱਦ ਤੱਕ, ਅਤੇ ਅਸਰਦਾਰ ਢੰਗ ਨਾਲ ਇਕ-ਜੁੱਟ ਰੂਪ 'ਚ ਅਜ਼ਾਦੀ ਲਈ ਸੰਗਰਾਮ ਕੀਤਾ। ਪਰ ਇੱਕ ਤਾਂ ਇਤਿਹਾਸ ਦੀ ਲੰਮੇਰੀ ਵਾਟ ਅੰਦਰ ਐਨਾ ਥੋੜ੍ਹਾ ਅਰਸਾ ਇੱਕ ਕੌਮ ਦੀ ਸਾਂਝੀ ਸਖਸੀਅਤ ਉਭਾਰਨ ਲਈ ਉਂਜ ਹੀ ਨਾਕਾਫੀ ਹੈ; ਦੂਜਾ, ਇਸ ਅਰਸੇ ਦੌਰਾਨ ਵੀ ਆਜ਼ਾਦੀ ਸੰਗਰਾਮ ਦੀ ਮੁੱਖ ਧਾਰਾ ਅੰਦਰ "ਅਕਾਲੀ ਲਹਿਰ" ਤੇ "ਖਿਲਾਫ਼ਤ ਲਹਿਰ" ਵਰਗੀਆਂ ਧਾਰਾਵਾਂ ਦਾ ਤਕੜਾ ਰੋਲ ਤੇ ਅਸਰ ਰਿਹਾ। ਸਿੱਟੇ ਵਜੋਂ, ਪੰਜਾਬੀ ਲੋਕਾਂ ਦੀ ਇਹ ਥੋੜ੍ਹ-ਚਿਰੀ ਸੁਖਾਵੀਂ ਸਾਂਝ ਪੰਜਾਬੀ ਜੀਵਨ ਉਤੇ ਆਪਣਾ ਹੰਢਣਸਾਰ ਤੇ ਸਥਾਈ ਪਰਭਾਵ ਨਾ ਛੱਡ ਸਕੀ ਅਤੇ ਫਿਰਕੂ ਸਾਂਝ ਤੇ ਸਦਭਾਵਨਾ ਦਾ ਇਹ ਸ਼ਾਨਦਾਰ ਪਰ ਥੋੜ-ਚਿਰਾ ਦੌਰ, ਫਿਰਕੂ ਕੁੜੱਤਣ ਤੇ ਦੁਸ਼ਮਣੀ ਦੇ ਪਰਛਾਵਿਆਂ ਹੇਠ ਦੱਬਕੇ ਰਹਿ ਗਿਆ। ਇਸ ਤਰ੍ਹਾਂ ਪੰਜਾਬੀ ਲੋਕਾਂ ਨੇ ਆਪਣੀ ਸੁਤੰਤਰ ਸਿਆਸੀ ਹਸਤੀ

ਸਥਾਪਤ ਕਰਨ ਤੇ ਬਰਕਰਾਰ ਰੱਖਣ ਲਈ ਜੋ ਸੁਰਮੰਗਤੀ ਭਰੀ ਜੱਦੋਜਹਿਦ ਕੀਤੀ, ਉਸ ਅੰਦਰ, ਅਮਲੀ ਤੌਰ 'ਤੇ, ਸਿੱਖਾਂ ਦਾ ਰੋਲ ਹੀ ਭਾਰੂ ਰਿਹਾ। ਸੋ ਪੰਜਾਬੀ ਕੌਮ ਦੇ ਇਸ ਗੌਰਵ-ਮਈ ਇਤਿਹਾਸਕ ਵਿਰਸੇ ਉੱਤੇ, ਵੱਖ-ਵੱਖ ਧਾਰਮਿਕ ਵਰਗਾਂ ਦੇ ਤੇ ਮਾਣ ਦਾਅਵੇ 'ਚ ਅਣਸਾਵਾਂ ਪਣ ਸਾਹਮਣੇ ਆ ਰਿਹਾ ਹੈ। ਪੰਜਾਬ ਦੇ ਇਸ ਇਤਿਹਾਸਕ ਵਿਰਸੇ ਪ੍ਰਤੀ ਸਿੱਖਾਂ ਦਾ ਵਿਸ਼ੇਸ਼ ਮੋਹ ਅਤੇ ਇਸਦਾ ਉਹਨਾਂ ਨੂੰ ਪਰੇਰਨ ਵਿੱਚ ਵਿਸ਼ੇਸ਼ ਰੋਲ, ਸੁਭਾਵਕ ਹੈ—ਅਤੇ ਓਨੀ ਹੀ ਸੁਭਾਵਕ ਹੈ ਸਿੱਖਾਂ ਦੀ ਪੰਜਾਬ ਦੀ ਧਰਤੀ ਉਤੇ ਆਜ਼ਾਦ ਤੇ ਜਮਹੂਰੀ ਵਾਯੂ-ਮੰਡਲ ਅੰਦਰ ਸਾਹ ਲੈਣ ਦੀ ਰੀਝ, ਜਿਹੜੀ ਸਮੇਂ ਸਮੇਂ ਬਦਲਵੀਆਂ ਮੰਗਾਂ ਤੇ ਸ਼ਕਲਾਂ ਦੇ ਰੂਪ 'ਚ ਪਰਗਟ ਹੁੰਦੀ ਆ ਰਹੀ ਹੈ। ਜਦ ਉਹ ਉਸੇ ਹੀ ਧਰਤੀ ਉੱਤੇ, ਜਿਸਨੂੰ ਉਹਨਾਂ ਵਾਰ ਵਾਰ ਆਪਣੇ ਖੂਨ ਨਾਲ ਸਿੰਜਿਆ ਹੈ ਅਤੇ ਜਿਸਦੇ ਪੋਟੇ ਪੋਟੇ ਨਾਲ ਉਹਨਾਂ ਦੀ ਅਟੁੱਟ ਇਤਿਹਾਸਕ ਯਾਦ ਤੇ ਸਾਂਝ ਜੁੜੀ ਹੋਈ ਹੈ, ਆਪਣੇ ਆਪ ਨੂੰ ਕਿਸੇ ਬੇਗਾਨੀ ਤਾਕਤ ਦੇ ਹੱਥੋਂ ਲੁੱਟ, ਨਿਰਾਦਰੀ, ਅਨਿਆਂ ਵਿਤਕਰੇ ਤੇ ਜ਼ੁਲਮ ਦਾ ਸ਼ਿਕਾਰ ਹੁੰਦਾ ਦੇਖਦੇ ਹਨ, ਤਾਂ ਉਨ੍ਹਾਂ ਅੰਦਰ ਸੁਭਾਵਕ ਰੂਪ 'ਚ ਹੀ ਰੋਹ ਤੇ ਗੁੱਸੇ ਦਾ ਇੱਕ ਅਜਿਹਾ ਲਾਵਾ ਖੌਲ ਉੱਠਦਾ ਹੈ ਜਿਸਨੂੰ ਬਗਾਵਤ ਦਾ ਰੂਪ ਦੇਣ ਲਈ ਥੋੜ੍ਹੀ ਜਿਹੀ ਚੁਆਤੀ ਲਾਉਣੀ ਹੀ ਕਾਫੀ ਹੁੰਦੀ ਹੈ, ਅਤੇ ਜਦ ਆਪਣੇ ਆਪ ਨੂੰ ਤਰਕਸ਼ੀਲ ਤੇ ਵਿਗਿਆਨਕ ਵਿਚਾਰਧਾਰਾ ਦੀਆਂ ਮਾਲਕ ਕਹਾਉਣ ਵਾਲੀਆਂ ਤਾਕਤਾਂ ਇਹਨਾਂ ਠੋਸ ਹਾਲਤਾਂ ਨੂੰ ਇਤਿਹਾਸਕ ਪਦਾਰਥਵਾਦੀ ਨਜ਼ਰੀਏ ਤੋਂ ਸਮਝਣ 'ਚ ਨਾਕਾਮ ਹੋ ਜਾਂਦੀਆਂ ਹਨ, ਤਾਂ ਇੱਕ ਜਾਨਦਾਰ ਕੌਮੀ ਲਹਿਰ ਤੇ ਲਲਕਾਰ ਦਾ ਰੂਪ ਧਾਰਨ ਕਰ ਸਕਣ ਦੀਆਂ ਭਰਪੂਰ ਸੰਭਾਵਨਾਵਾਂ ਦਾ ਵਿਗੜਿਆ ਅਕਸ! ਕਿਸੇ 'ਭਿੰਡਰਾਂ ਵਾਲੇ' ਦੇ ਰੂਪ 'ਚ ਆ ਪਰਗਟ ਹੁੰਦਾ ਹੈ. ਅਤੇ ਫਿਰਕਾਪ੍ਰਸਤ ਲੁਟੇਰੇ ਕੇਂਦਰੀ ਹਾਕਮਾਂ ਵਿਰੁੱਧ ਇੱਕ ਕੌਮੀ ਜੰਗ ਦਾ ਅਖਾੜਾ ਬਣਨ ਦੀਆਂ ਜਾਨਦਾਰ ਸੰਭਾਵਨਾਵਾਂ ਨਾਲ ਸਰਸ਼ਾਰ ਪੰਜਾਬ ਦੀ ਧਰਤੀ ਕੇਂਦਰੀ ਹਾਕਮਾਂ ਦੀਆਂ ਫਿਰਕੂ ਮਸ਼ਕਾਂ ਦਾ ਸੰਤਾਪ ਹੰਢਾਉਣ ਲਈ ਸਰਾਪੀ ਜਾਂਦੀ ਹੈ।

ਇਉਂ ਹਿੰਦੂ-ਸਿੱਖ ਤਨਾਅ ਤੇ ਪਾੜੇ ਦੀ ਸਮੱਸਿਆ ਦੇ ਇਹ ਦੋਨੋਂ ਪੱਖ—ਧਾਰਮਿਕ ਤੇ ਕੌਮੀ—ਆਪਸ ਵਿਚ ਪੂਰੀ ਤਰ੍ਹਾਂ ਉਲਝੇ-ਵਿਲ੍ਹਟੇ ਹੋਏ ਹਨ; ਇਹਨਾਂ ਨੂੰ ਜੁੜਵੇਂ ਰੂਪ 'ਚ ਹੀ ਸੰਬੋਧਤ ਹੋਣਾਚਾਹੀਦਾ ਹੈ,ਤੇ ਇਹਨਾਂ ਦਾ ਜੁੜਵੇਂ ਰੂਪ 'ਚ ਹੀ ਹਕੀਕੀ ਹੱਲ ਸੰਭਵ ਹੈ। ਪਹਿਲੀ ਗੱਲ, ਇੱਕ ਧਾਰਮਿਕ ਕਮਿਊਨਿਟੀ ਵਜੋਂ ਸਿੱਖਾਂ ਦਾ ਆਪਣੀ ਵੱਖਰੀ, ਸੁਤੰਤਰ ਹੋਂਦ ਦਾ ਦਾਅਵਾ ਨਿਆਈਂ ਹੈ ਅਤੇ ਆਪਣੀ ਇਸ ਹੋਂਦ ਨੂੰ ਬਰਕਰਾਰ ਰੱਖਣਾ ਉਹਨਾਂ ਦਾ ਜਨਮ-ਸਿੱਧ ਤੇ ਜਮਹੂਰੀ ਹੱਕ ਹੈ। ਇਸ ਲਈ, ਜਦ ਤੱਕ ਬਹੁ-ਗਿਣਤੀ ਫਿਰਕੇ ਤੇ ਰਾਜ ਸ਼ਕਤੀ ਵੱਲੋਂ ਉਹਨਾਂ ਦਾ ਇਹ ਦਾਅਵਾ ਤਸਲੀਮ ਨਹੀਂ ਕਰ ਲਿਆ ਜਾਂਦਾ ਅਤੇ ਉਹਨਾਂ ਦੀ ਵੱਖਰੀ ਪਹਿਚਾਣ ਨੂੰ "ਹਿੰਦੂ ਮੁੱਖ ਧਾਰਾ" ਦੇ ਖਾਰੇ ਵਹਿਣ 'ਚ ਖੋਰਨ ਤੇ ਜਜ਼ਬ ਕਰਨ ਦੀ ਕੋਈ ਵੀ ਸਿੱਧੀ ਜਾਂ ਟੇਢੀ, ਕੁੱਢਰ ਜਾਂ ਸੂਖਮ ਸ਼ਾਵਨਵਾਦੀ-ਫਿਰਕਾਪ੍ਰਸਤ ਨੀਤੀ ਦਾ ਤਿਆਗ ਨਹੀਂ ਕੀਤਾ ਜਾਂਦਾ ਕਿਸੇ ਸਥਾਈ ਤੇ ਹੰਢਣਸਾਰ ਹਿੰਦੂ-ਸਿੱਖ ਸਦਭਾਵਨਾ ਦੀ ਕਲਪਨਾ ਕਰਨੀ ਫਜ਼ੂਲ ਹੈ। ਦੂਜੀ ਗੱਲ, ਪੰਜਾਬ ਦੀ ਧਰਤੀ ਅਤੇ ਇਸਦੇ ਹਰ ਕਿਸਮ ਦੇ ਕੁਦਰਤੀ ਸੋਮਿਆਂ (ਇਥੋਂ ਦੇ ਪਾਣੀਆਂ, ਇੱਥੋਂ ਦੀ ਬਿਜਲੀ ਤੇ ਇੱਥੋਂ ਦੀ ਪੈਦਾਵਾਰ) ਉਤੇ ਮੁਕੰਮਲ ਹੱਕ ਸਿਰਫ ਤੇ ਸਿਰਫ ਪੰਜਾਬੀ ਲੋਕਾਂ ਦਾ ਹੈ—ਭਾਵੇਂ ਕਿ ਇਸ ਦੀ ਪਰਾਪਤੀ ਲਈ ਅਜੇ ਤੱਕ ਮੁੱਖ ਕਰਕੇ ਲੜ ਸਿਰਫ ਸਿੱਖ ਹੀ ਰਹੇ ਹਨ। ਜਿੰਨਾ ਚਿਰ ਫਿਰਕਾਪ੍ਰਸਤ ਕੇਂਦਰੀ ਹਾਕਮਾਂ ਤੇ ਉਹਨਾਂ ਦੇ ਸਰਪ੍ਰਸਤ ਵਿਦੇਸ਼ੀ ਸਾਮਰਾਜੀ ਲੁਟੇਰਿਆਂ ਵੱਲੋਂ ਪੰਜਾਬੀ ਕੌਮ ਦਾ ਇਹ ਜਨਮ-ਸਿੱਧ ਅਧਿਕਾਰ ਪਰਵਾਨ ਨਹੀਂ ਕੀਤਾ ਜਾਂਦਾ, ਅਤੇ ਜਿੰਨਾ ਚਿਰ ਪੰਜਾਬ ਦਾ ਹਿੰਦੂ ਵਰਗ ਆਪਣੇ ਧਾਰਮਿਕ ਫਿਰਕੂ ਪੱਖਪਾਤਾਂ ਤੋਂ ਉਪਰ ਉਠਕੇ. ਆਪਣੇ ਆਪ ਨੂੰ ਤਨੋਂ-ਮਨੋਂ ਪੰਜਾਬ ਦੇ ਕੌਮੀ ਹਿਤਾਂ ਨਾਲ ਇੱਕ-ਮਿੱਕ ਨਹੀਂ ਕਰ ਲੈਂਦਾ, ਉਨਾਂ ਚਿਰ ਫਿਰਕੂ ਪਾੜੇ ਤੇ ਦੁਸ਼ਮਣੀ ਦੀ ਲਕੀਰ ਨੂੰ ਮੇਟ ਸਕਣਾ ਉੱਕਾ ਹੀ ਅਸੰਭਵ ਹੈ। ਜਿੰਨੀ ਦੇਰ ਇਹ ਹਾਲਤਾਂ ਹਾਸਲ ਨਹੀਂ ਕੀਤੀਆਂ ਜਾਂਦੀਆਂ, ਉਨੀ ਦੇਰ ਸਿੱਖਾਂ ਦੇ ਇੱਕ ਵਰਗ ਅੰਦਰ ਵਾਰ ਵਾਰ ਸਿਰ ਚੁੱਕ ਰਹੀ ਤੰਗਨਜ਼ਰ ਫਿਰਕੂ ਬਿਰਤੀ ਤੇ ਪਹੁੰਚ ਨੂੰ ਭਾਂਜ ਦੇਣ ਵਿਚ ਅਤਿਅੰਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਰਹੇਗਾ—ਭਾਵੇਂ ਕਿ **ਪੰਜਾਬ ਦੀ ਕੌਮੀ ਮੁਕਤੀ ਲਈ ਜੂਝ ਰਹੀਆਂ** [ਨਾ ਕਿ ਫਿਰਕਾਪ੍ਰਸਤ ਕੇਂਦਰੀ ਹਾਕਮਾਂ ਦੀ ਸਿਆਸੀ ਚੌਕੀਦਾਰੀ ਕਰ ਰਹੀਆਂ] ਇਨਕਲਾਬੀ ਜਮਹੂਰੀ ਤਾਕਤਾਂ ਵੱਲੋਂ ਸਿੱਖਾਂ ਦੇ ਕੱਟੜਪੰਥੀ ਹਿੱਸਿਆਂ ਅੰਦਰ ਪਰਗਟ ਹੋ ਰਹੀਆਂ ਅਜਿਹੀਆਂ ਫਿਰਕੂ ਰੁਚੀਆਂ ਤੇ ਨੀਤੀਆਂ ਵਿਰੁੱਧ ਉਸਾਰੂ ਪੜਚੋਲ ਤੇ ਜੱਦੋਜਹਿਦ ਹਮੇਸ਼ਾਂ ਹੀ ਜਾਰੀ ਰਹਿਣੀ ਚਾਹੀਦੀ ਹੈ ਕਿਉਂ ਕਿ ਪੰਜਾਬੀ ਵਸੋਂ ਦੇ ਹਿੰਦੂ ਹਿੱਸਿਆਂ, ਖਾਸ ਕਰਕੇ ਇਸਦੇ ਗਰੀਬ. ਦਲਿੱਤ ਤੇ ਮਿਹਨਤਕਸ਼ ਹਿੱਸਿਆਂ ਦੀ ਪੰਜਾਬੀ ਕੌਮ ਦੀ ਮੁਕਤੀ ਦੇ ਸੰਗਰਾਮ ਵਿਚ ਸ਼ਮੂਲੀਅਤ ਕਰਵਾਉਣ ਲਈ ਮੁਆਫ਼ਕ ਹਾਲਤਾਂ ਪੈਦਾ ਕਰਨ ਦੇ ਇੱਕ ਅਤਿ ਅਹਿਮ ਅੰਗ ਵਜੋਂ, ਉਹਨਾਂ ਅੰਦਰ ਇਹ ਭਰੋਸਾ ਪੈਦਾ ਕਰਨਾ ਜਰੂਰੀ ਹੈ ਕਿ ਅਜ਼ਾਦ ਪੰਜਾਬ ਅੰਦਰ ਉਹ ਪੂਰੀ ਤਰ੍ਹਾਂ ਜਮਹੂਰੀ ਵਾਯੂ-ਮੰਡਲ ਦਾ ਅਨੰਦ ਮਾਣ ਸਕਣਗੇ ਅਤੇ ਇੱਕ ਧਾਰਮਿਕ ਘੱਟ ਗਿਣਤੀ ਵਜੋਂ ਉਹਨਾਂ ਨੂੰ ਕਿਸੇ ਵੀ ਕਿਸਮ ਦੇ ਵਿਤਕਰੇ, ਦਾਬੇ ਤੇ ਧੱਕੇਸ਼ਾਹੀ ਦਾ ਸ਼ਿਕਾਰ ਨਹੀਂ ਹੋਣਾ ਪਵੇਗਾ। ਇਸ ਪੱਖੋਂ ਸਿੱਖ ਖਾੜਕੂਆਂ ਦੇ ਕੁੱਝ ਹਿਸਿਆਂ ਵੱਲੋਂ ਬੇਦੋਸੇ ਹਿੰਦੂਆਂ ਦੇ ਕਤਲਾਂ ਦੀਆਂ ਵਾਰਦਾਤਾਂ ਪੰਜਾਬੀ ਕੌਮ ਦੀ ਮੁਕਤੀ ਦੇ ਕਾਜ਼ ਲਈ ਬੇਹੱਦ ਘਾਤਕ ਹਨ ਅਤੇ ਇਸ ਮਾਰੂ ਰੁਝਾਨ ਨੂੰ ਠੱਲ੍ਹ ਪਾਉਣ ਲਈ ਜੋਰਦਾਰ ਯਤਨ ਜੁਟਾਏ ਜਾਣ ਚਾਹੀਦੇ ਹਨ। ★

(ਸਫਾ 20 ਦੀ ਬਾਕੀ)

ਅੰਨ੍ਹੀ ਹਿੰਸਾ ਦੇ, ਅਤੇ ਸਿਆਸੀ ਵਿਰੋਧੀਆਂ ਦੇ ਜਿਸਮਾਨੀ ਖਾਤਮੇ ਦੇ ਰਾਹ ਵੱਲ ਤੁਰਦੀਆਂ ਹਨ। ਭਾਰਤ ਦੇ ਉਤਰ-ਪੂਰਬੀ ਖਿੱਤੇ ਅੰਦਰ ਅਤੇ ਲੰਕਾ ਦੇ ਤਾਮਿਲ ਖੇਤਰ ਅੰਦਰ ਚੱਲ ਰਹੀਆਂ ਅਜੇਹੀਆਂ ਲਹਿਰਾਂ 'ਚ ਇਸ ਕੁਰਾਹੇ ਦੇ ਚਿੰਨ੍ਹ ਸਾਫ ਦੇਖੇ ਜਾ ਸਕਦੇ ਹਨ। ਇੱਥੋਂ ਤੱਕ ਕਿ ਮਜ਼ਦੂਰ ਜਮਾਤ ਦੀ ਇਨਕਲਾਬੀ ਵਿਚਾਰਧਾਰਾ ਨੂੰ ਪਰਨਾਈ ਨਕਸਲਬਾੜੀ ਲਹਿਰ ਅੰਦਰ ਵੀ, ਜਦ ਇਹ ਦੁਸ਼ਮਣ ਨਾਲ ਤਿੱਖੇ ਹਥਿਆਰਬੰਦ ਘੋਲ 'ਚ ਉਲਝੀ ਹੋਈ ਸੀ ਅਤੇ ਇਸ ਅੰਦਰ ਸਿਧਾਂਤਕ- ਸਿਆਸੀ ਸੂਝ ਤੋਂ ਕੋਰੇ ਮੱਧਵਰਗੀ ਤੱਤਾਂ ਦੀ ਭਰਮਾਰ ਪੈਦਾ ਹੋ ਗਈ ਸੀ, ਸਿਆਸੀ ਵਿਰੋਧੀਆਂ ਨੂੰ ਕਤਲ ਕਰਨ ਦੀ ਰੁਚੀ ਕਾਫੀ ਪਰਬਲ ਹੋ ਗਈ ਸੀ ਅਤੇ ਬੰਗਾਲ ਅੰਦਰ ਖਾਸ ਕਰਕੇ ਕੁੱਝ ਅਜਿਹੇ ਵਿਰੋਧੀ ਸਿਆਸੀ ਕਾਰਕੁੰਨ ਕਤਲ ਕਰ ਦਿੱਤੇ ਗਏ ਸਨ, ਜਿਨ੍ਹਾਂ ਨੇ ਇਨਕਲਾਬੀ ਲਹਿਰ ਵਿਰੁੱਧ ਕੋਈ ਸੰਗੀਨ ਜੁਰਮ ਨਹੀਂ ਸਨ ਕੀਤੇ ਅਤੇ ਜਦ ਅਜਿਹੀ ਕਿਸੇ ਹਥਿਆਰਬੰਦ ਲਹਿਰ ਅੰਦਰ **ਧਰਮ** ਦਾ ਅੰਸ਼ ਹਾਵੀ ਹੋ ਜਾਵੇ ਤਾਂ, ਆਪਣੇ ਸੁਭਾਵਕ ਖਾਸੇ ਵਜੋਂ ਹੀ, ਇਹ ਲਹਿਰ, ਦਰਅਸਲ ਰਾਹ ਤੋਂ ਭਟਕ ਕੇ **ਘਿਨਾਉਣੀ-ਹਿੰਸਾ** ਦੇ ਰਾਹ ਪੈ ਤੁਰਦੀ ਹੈ। ਪੰਜਾਬ ਅੰਦਰ ਸਿੱਖ ਕੱਟੜ-ਪੰਥੀਆਂ ਦੀ ਅਗਵਾਈ ਹੇਠ ਚੱਲ ਰਹੀ ਅਜੋਕੀ ਲਹਿਰ, ਇਹਨਾਂ ਦੋਨੋਂ ਨਾਂਹਦਰੂ ਪੱਖਾਂ ਦਾ ਬੁਰੀ ਤਰ੍ਹਾਂ ਸ਼ਿਕਾਰ ਹੈ। 'ਇੱਕ ਕਰੇਲਾ ਤੇ ਦੂਜਾ ਨਿੰਮ ਚੜ੍ਹਿਆ' ਦੇ ਅਖਾਣ ਅਨੁਸਾਰ : ਇੱਕ ਤਾਂ ਇਹ ਲਹਿਰ ਹੈ ਹੀ ਭਾਰੂ ਰੂਪ 'ਚ ਮਧ-ਵਰਗ ਦੀ ਲਹਿਰ; ਅਤੇ ਦੂਜਾ, ਇਸ ਅੰਦਰ ਧਰਮ ਦਾ ਅੰਸ਼ ਪਰਧਾਨ ਹੈ। ਇਸ ਕਰਕੇ ਗੈਰ-ਵਾਜਬ, ਘਿਨਾਉਣੀ ਤੇ ਅੰਨ੍ਹੀ ਹਿੰਸਾ, ਇਸ ਲਹਿਰ ਦੀ ਨਾਮੁਰਾਦ ਬੀਮਾਰੀ ਬਣਕੇ ਰਹਿ ਗਈ ਹੈ।

## ਘਿਨਾਉਣੀ ਹਿੰਸਾ ਪ੍ਰਤੀ ਇਨਕਲਾਬੀਆਂ ਦਾ ਰਵਈਆ

ਪੰਜਾਬ ਦੀ ਅਜੋਕੀ ਲਹਿਰ ਅੰਦਰ ਪਰਗਟ ਹੋ ਰਹੇ ਇਸ ਘਿਨਾਉਣੇ ਸਿਆਸੀ ਕੁਰਾਹੇ ਦੇ ਪਦਾਰਥਕ ਅਧਾਰ ਦੀ ਪਛਾਣ ਕਰ ਲੈਣ ਤੋਂ ਬਾਅਦ, ਸਾਡੇ ਸਾਹਮਣੇ ਵੱਧ ਅਹਿਮ ਸੁਆਲ ਇਹ ਹੈ ਕਿ ਇਸ ਕੁਰਾਹੇ ਪ੍ਰਤੀ ਕਿਹੋ ਜਿਹੀ ਪਹੁੰਚ ਅਖਤਿਆਰ ਕੀਤੀ ਜਾਵੇ ? ਕੀ ਇਸ ਨੂੰ ਇੱਕ ਅਟੱਲ "ਹੋਣੀ" ਦੇ ਤੌਰ 'ਤੇ ਪਰਵਾਨ ਕਰ ਲਿਆ ਜਾਵੇ, ਅਤੇ ਜਿਉਂ-ਦੀ-ਤਿਉਂ ਚੱਲਣ ਦਿੱਤਾ ਜਾਵੇ ? ਜਾਂ ਇਸ ਦਾ ਇਨਕਲਾਬੀ ਸਾਬਤ ਕਦਮੀ, ਤਕੜਾਈ ਤੇ ਸੂਝ-ਸਿਆਣਪ ਨਾਲ ਵਿਰੋਧ ਤੇ ਟਾਕਰਾ ਕੀਤਾ ਜਾਵੇ ? ਬਿਨਾਂ ਸ਼ੱਕ, ਕੋਈ ਵੀ ਇਨਕਲਾਬੀ, ਦੂਜੇ ਰਾਹ ਦੀ ਚੋਣ ਹੀ ਕਰੇਗਾ, ਪਹਿਲੇ ਦੀ ਨਹੀਂ। ਪਰ ਇਹ ਇਨਕਲਾਬੀ ਪੈਂਤੜਾ ਸਿਰਫ ਖਰੇ ਇਨਕਲਾਬੀਆਂ ਵੱਲੋਂ ਹੀ ਧਾਰਨ ਕੀਤਾ ਜਾ ਸਕਦਾ ਹੈ, ਝੂਠੇ, ਪਖੰਡੀ ਤੇ ਨਕਲੀ ਇਨਕਲਾਬੀਆਂ ਵੱਲੋਂ ਨਹੀਂ। ਵੱਧ ਸਪਸ਼ਟਤਾ ਲਈ ਮਸਲੇ ਨੂੰ ਕੁੱਝ ਅਹਿਮ ਪੱਖਾਂ ਤੋਂ ਵਿਚਾਰਿਆ ਜਾਣਾ ਜਰੂਰੀ ਹੈ।

ਮਾਰਕਸਵਾਦੀ-ਲੈਨਿਨਵਾਦੀ ਕਿਸੇ ਵੀ ਮਸਲੇ ਪ੍ਰਤੀ ਰਵਈਆ ਤੈਅ ਕਰਨ ਮੌਕੇ, ਇਸ ਨੂੰ ਵੇਲੇ ਦੀ ਹੁਕਮਰਾਨ ਤਾਕਤ ਤੇ ਰਾਜ-ਸ਼ਕਤੀ (ਸਟੇਟ) ਦੇ ਸੰਦਰਭ 'ਚ ਰੱਖਕੇ ਦੇਖਦੇ ਹਨ। ਜੇ ਨਹੱਕੀ ਹਿੰਸਾ ਕਿਸੇ ਅਜਿਹੀ ਤਾਕਤ ਵੱਲੋਂ ਹੋ ਰਹੀ ਹੋਵੇ ਜਿਹੜੀ ਵੇਲੇ ਦੀ ਹੁਕਮਰਾਨ ਤਾਕਤ ਤੇ ਰਾਜ-ਸ਼ਕਤੀ ਦੇ ਹੀ ਹੱਥ-ਠੋਕੇ ਵਜੋਂ ਕੰਮ ਕਰ ਰਹੀ ਤੇ ਇਸ ਨੂੰ ਬਲ ਬਖਸ਼ ਰਹੀ ਹੋਵੇ—ਅਰਥਾਤ ਜਿਸਦੀ ਧਾਰ ਰਾਜ-ਸ਼ਕਤੀ ਵਿਰੁੱਧ ਨਹੀਂ ਸਗੋਂ ਮੁੱਖ ਰੂਪ 'ਚ ਜਮਹੂਰੀ ਤੇ ਇਨਕਲਾਬੀ ਤਾਕਤਾਂ ਵਿਰੁੱਧ ਸੇਧਤ ਹੋਵੇ, ਤਾਂ ਇਨਕਲਾਬੀ ਤਾਕਤਾਂ ਅਜਿਹੀ ਪਿਛਾਖੜੀ ਹਿੰਸਾਂ ਦਾ ਲੋਕਾਂ ਦੀ ਸਰਗਰਮ ਹਮਾਇਤ ਨਾਲ ਜਵਾਬੀ, ਇਨਕਲਾਬੀ ਹਿੰਸਾ ਨਾਲ ਨੱਕ ਮੋੜਨ ਦਾ ਇਨਕਲਾਬੀ ਪੈਂਤੜਾ ਅਖਤਿਆਰ ਕਰਦੀਆਂ ਹਨ। ਇਨਕਲਾਬੀ ਤਾਕਤਾਂ ਦੀ ਇਹ ਲੜਾਈ, ਨਾ ਸਿਰਫ ਅੰਤਮ ਤੌਰ 'ਤੇ ਸਗੋਂ ਫੌਰੀ ਤੌਰ 'ਤੇ ਵੀ, ਵੇਲੇ ਦੀ ਹੁਕਮ-ਰਾਨ ਤਾਕਤ ਤੇ ਰਾਜ-ਸ਼ਕਤੀ ਵਿਰੁੱਧ ਸੇਧਤ ਹੁੰਦੀ ਹੈ—ਕਿਉਂਕਿ ਰਾਜ-ਸ਼ਕਤੀ ਪਿਛਾਖੜੀ ਹਿੰਸਾ ਨੂੰ ਬਲ ਅਤੇ ਓਟ ਮੁਹੱਈਆ ਕਰ ਰਹੀ ਹੁੰਦੀ ਹੈ। **ਪਰ** ਜੇਕਰ ਇਹ ਨਹੱਕੀ ਹਿੰਸਾ ਅਜਿਹੀ ਤਾਕਤ ਵੱਲੋਂ ਹੋ ਰਹੀ ਹੋਵੇ ਜਿਹੜੀ ਆਪਣੇ ਕਿਸੇ ਬਾਹਰਮੁਖੀ ਵਿਰੋਧ ਸਦਕਾ ਵੇਲੇ ਦੀ ਹੁਕਮਰਾਨ ਤਾਕਤ ਤੇ ਰਾਜ-ਸ਼ਕਤੀ ਨਾਲ ਭਿੜ ਰਹੀ ਹੋਵੇ ਅਤੇ ਉਸ ਦੀਆਂ ਇਹ ਨਹੱਕੀਆਂ ਹਿੰਸਕ ਵਾਰਦਾਤਾਂ **ਸਿਆਸੀ ਕੁਰਾਹੇ ਤੇ ਵਿਗਾੜ** ਦੇ ਰੂਪ 'ਚ ਹੀ ਪਰਗਟ ਹੋ ਰਹੀਆਂ ਹੋਣ, ਤਾਂ ਇਨਕਲਾਬੀ ਤਾਕਤਾਂ ਵੱਲੋਂ ਇਸ ਹਿੰਸਾ ਨਾਲ ਮਜਿੱਠਣ ਮੌਕੇ ਵਧੇਰੇ ਸੰਜਮੀ ਤੇ ਸੂਝ-ਭਰੀ ਨੀਤੀ ਅਪਨਾਉਣ ਦੀ ਜਰੂਰਤ ਹੁੰਦੀ ਹੈ।

ਜਿਵੇਂ ਕਿ ਅਸੀਂ **ਪੈਗ਼ਾਮ** ਵਿੱਚ ਕਈ ਵੇਰ ਇਹ ਸਪਸ਼ਟ ਕਰ ਚੁੱਕੇ ਹਾਂ ਕਿ ਸਿੱਖ ਕੱਟੜਪੰਥੀਆਂ ਦੀ ਅਗ-ਵਾਈ ਹੇਠ ਚੱਲ ਰਹੀ ਮੌਜੂਦਾ ਹਥਿਆਰਬੰਦ ਲਹਿਰ, ਪੰਜਾਬੀ ਕੌਮ ਅਤੇ ਸਿੱਖ ਧਾਰਮਿਕ ਘੱਟ ਗਿਣਤੀ ਦੇ, ਮੌਜੂਦਾ ਕੇਂਦਰੀ ਹਾਕਮਾਂ ਨਾਲ ਬੁਨਿਆਦੀ ਵਿਰੋਧਾਂ 'ਚੋਂ ਉਪਜੀ ਲਹਿਰ ਹੈ, ਅਤੇ ਆਪਣੇ **ਸਮੁੱਚੇ ਤੱਤ ਪੱਖੋਂ**, ਅਜੇ ਤੱਕ ਇਹ ਲਹਿਰ, ਮੌਜੂਦਾ ਭਾਰਤੀ ਹੁਕਮਰਾਨਾਂ ਤੇ ਉਹਨਾਂ ਦੀ ਕੇਂਦਰੀ ਰਾਜ-ਸ਼ਕਤੀ ਵਿਰੁੱਧ ਸੇਧਤ ਹੈ। ਪਰ ਪਿੱਛੇ ਬਿਆਨੇ ਦੋ ਨਾਂਹ-ਪੱਖੀ ਪੱਖਾਂ ਸਦਕਾ ਇਸ ਲਹਿਰ ਅੰਦਰ

ਅਨੇਕਾਂ ਹੀ ਕਮਜ਼ੋਰੀਆਂ, ਖ਼ਾਮੀਆਂ, ਕੁਰਾਹੇ ਤੇ ਵਿਗਾੜ ਪਰਗਟ ਹੋ ਰਹੇ ਹਨ। ਬੇਦੋਸ਼ੇ ਹਿੰਦੂਆਂ ਤੇ ਵੱਖ-ਵੱਖ ਕਿਸਮ ਦੇ ਸਿਆਸੀ ਵਿਰੋਧੀਆਂ ਦੇ ਕਤਲ, ਇਹਨਾਂ ਵਿਗਾੜਾਂ ਤੇ ਕੁਰਾਹਿਆਂ ਦੇ ਸਭ ਤੋਂ ਵੱਧ ਮਾਰੂ ਤੇ ਘਿਨਾਉਣੇ ਚਿੰਨ੍ਹ ਹਨ। ਇਹ ਲਹਿਰ ਦੀ ਸਿਧਾਂਤਕ, ਸਿਆਸੀ ਕਮਜ਼ੋਰੀ ਤੇ ਇਸ ਦੇ ਨਿਘਾਰ ਦੇ ਲੱਛਣ ਹਨ, ਜਿਹੜੇ ਕਿ ਪੰਜਾਬੀ ਕੌਮ ਦੀ ਮੁਕਤੀ ਦੀ ਲੜਾਈ ਨੂੰ ਗੰਭੀਰ ਰੂਪ 'ਚ ਢਾਅ ਲਾ ਰਹੇ ਹਨ। ਇਸ ਲਈ, ਇਹਨਾਂ ਨਹੱਕੀਆਂ ਹਿੰਸਕ ਵਾਰਦਾਤਾਂ ਦੀ ਸਖ਼ਤ ਪੜਚੋਲ ਕੀਤੀ ਜਾਣੀ ਚਾਹੀਦੀ ਹੈ ਤੇ ਇਹਨਾਂ ਦੀ ਰੋਕ-ਥਾਮ ਲਈ ਨਿੱਗਰ ਉਪਾਅ ਜੁਟਾਉਣੇ ਚਾਹੀਦੇ ਹਨ। ਪਰ ਇਹ ਗੱਲ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ **ਇਨ੍ਹਾਂ ਗਲਤ ਅਤੇ ਘਿਨਾਉਣੀਆਂ ਕਾਰਵਾਈਆਂ ਨੂੰ ਦਰੁਸਤ ਅਤੇ ਅਸਰਦਾਰ ਰੂਪ 'ਚ ਉਹ ਤਾਕਤਾਂ ਹੀ ਠੱਲ੍ਹ ਪਾ ਸਕਦੀਆਂ ਹਨ ਜਿਹੜੀਆਂ ਪੰਜਾਬੀ ਕੌਮ ਦੀ ਮੁਕਤੀ ਦੀਆਂ ਮੁਦੱਈ ਹਨ ਤੇ ਇਸ ਕਾਜ਼ ਵਾਸਤੇ ਸੰਘਰਸ਼-ਸ਼ੀਲ ਹਨ।** ਜਿਹੜੀਆਂ ਤਾਕਤਾਂ ਪੰਜਾਬੀ ਕੌਮ ਦੀ ਮੁਕਤੀ ਦੀਆਂ ਮੁਦੱਈ ਨਹੀਂ, ਸਗੋਂ ਪੂਰੀ ਨਿਰਲੱਜਤਾ ਨਾਲ ਕੇਂਦਰੀ ਹਾਕਮਾਂ ਦੀਆਂ ਲੁੱਟੂ ਤੇ ਜਾਬਰ ਨੀਤੀਆਂ ਦੀ ਹਮਾਇਤ ਕਰ ਰਹੀਆਂ ਹਨ ਜਾਂ ਜਿਹਨਾਂ ਨੂੰ ਪੰਜਾਬੀ ਕੌਮ ਦੀ ਮੁਕਤੀ ਨਾਲੋਂ ਦੇਸ਼ ਦੀ 'ਏਕਤਾ ਤੇ ਅਖੰਡਤਾ' ਦਾ ਵੱਧ ਹੇਜ ਮਾਰ ਰਿਹਾ ਹੈ, ਉਹਨਾਂ ਦਾ ਸਿੱਖ ਖਾੜਕੂਆਂ ਨਾਲ ਵਿਰੋਧ ਪਿਛਾਖੜੀ ਸੁਭਾਅ ਵਾਲਾ ਹੈ ਅਤੇ ਉਹ ਅੱਜ ਬਾਹਰਮੁਖੀ ਤੌਰ 'ਤੇ ਜਾਬਰ, ਲੁਟੇਰੇ ਕੇਂਦਰੀ ਹਾਕਮਾਂ ਦੀਆਂ ਰਾਖਵੀਆਂ ਟੁਕੜੀਆਂ ਵਜੋਂ, ਪੰਜਾਬੀ ਕੌਮ ਤੇ ਸਿੱਖ ਧਾਰਮਿਕ ਘੱਟ ਗਿਣਤੀ ਦੇ ਦੁਸ਼ਮਣਾਂ ਵਾਲਾ ਰੋਲ ਹੀ ਅਦਾ ਕਰ ਰਹੀਆਂ ਹਨ। ਸੀ. ਪੀ. ਆਈ ਤੇ 'ਮਾਰਕਸੀ' ਪਾਰਟੀ ਅੱਜ ਵੱਧ ਨੰਗੇ ਤੇ ਨਿਸ਼ੰਗ ਰੂਪ 'ਚ ਇਹ ਰੋਲ ਨਿਭਾਅ ਰਹੀਆਂ ਹਨ। ਉਹ ਸਿੱਖ ਖਾੜਕੂਆਂ ਦੇ ਕੇਂਦਰੀ ਹਾਕਮਾਂ ਹੱਥੋਂ ਕਤਲੇਆਮ ਦੀ ਜਿੰਨੀ ਨਿਰਲੱਜ ਵਕਾਲਤ ਕਰ ਰਹੀਆਂ ਹਨ ਅਤੇ ਜਿਵੇਂ 'ਕੇਂਦਰੀ ਸੁਰੱਖਿਆ ਫੋਰਸਾਂ' ਦੀਆਂ ਜ਼ਾਲਮਾਨਾ ਕਾਰਵਾਈਆਂ ਨੂੰ ਨਾ ਸਿਰਫ ਵਾਜਬ ਠਹਿਰਾ ਰਹੀਆਂ ਹਨ ਸਗੋਂ ਇਸ 'ਚ ਹੋਰ ਵੱਧ ਕਰੜਾਈ ਦੀ ਮੰਗ ਕਰ ਰਹੀਆਂ ਹਨ, ਇਸ ਨਾਲ, ਕੇਂਦਰੀ ਹਾਕਮਾਂ ਵਿਰੁੱਧ ਸਿਰ-ਧੜ ਦੀ ਲੜਾਈ ਲੜ ਰਹੇ ਸਿੱਖ ਖਾੜਕੂਆਂ ਦੀਆਂ ਸਫਾਂ ਅੰਦਰ ਇਹਨਾਂ ਅਖਾਉਤੀ ਕਮਿਉਨਿਸਟਾਂ ਵਿਰੁੱਧ ਨਫਰਤ, ਰੋਹ ਤੇ ਗੁੱਸਾ ਪੈਦਾ ਹੋਣਾ ਸੁਭਾਵਕ ਹੈ। ਪਰ ਗੁੱਸੇ ਤੇ ਨਫਰਤ ਦੇ ਇਸ ਵੇਗ 'ਚ ਇਹਨਾਂ ਤਾਕਤਾਂ ਵਿਰੁੱਧ ਸਿਆਸੀ ਖੇਤਰ ਦੇ ਘੋਲ ਨੂੰ ਜਿਸਮਾਨੀ ਕਤਲਾਂ ਦੀ ਪੱਧਰ ਤੱਕ ਲੈ ਜਾਣਾ **ਸਿਆਸਤ** ਨਹੀਂ ਸਗੋਂ ਸਿਆਸਤ ਦਾ **ਨਿਘਾਰ** ਹੈ, ਜਿਸਦਾ ਖਮਿਆਜ਼ਾ ਇਸ ਘੋਲ ਦੀਆਂ ਅਗਵਾਨੂੰ ਤਾਕਤਾਂ ਨੂੰ ਲਾਜ਼ਮੀ ਭੁਗਤਣਾ ਪੈਣਾ ਹੈ।

ਦੂਜੇ ਪਾਸੇ, ਇਹ ਗੱਲ ਦਰੁਸਤ ਹੈ (ਤੇ ਅਫਸੋਸਨਾਕ ਵੀ) ਕਿ ਅੱਜ ਜਨੂੰਨੀ ਰੋਹ ਦਾ ਨਿਸ਼ਾਨਾ ਬਣ ਰਹੇ 'ਕਮਿਊਨਿਸਟ' ਆਗੂਆਂ 'ਚੋਂ ਬਹੁਤੇ ਲੰਮਾ ਚਿਰ ਸਿਰਕੱਢ ਲੋਕ-ਸੰਗਰਾਮੀਏ ਰਹੇ ਹਨ ਅਤੇ ਉਹਨਾਂ ਨੇ ਲੰਮਾ ਚਿਰ ਲੋਕਾਂ ਲਈ ਘਾਲਾਂ ਘਾਲੀਆਂ ਤੇ ਕੁਰਬਾਨੀਆਂ ਕੀਤੀਆਂ ਹਨ। ਪਰ ਅੱਜ ਅਹਿਮ ਗੱਲ ਇਹਨਾਂ "ਕਮਿਊਨਿਸਟ" ਆਗੂਆਂ ਦੀ ਬੀਤੀ ਹੋਈ ਸ਼ਾਨਦਾਰ ਜ਼ਿੰਦਗੀ ਨਹੀਂ, ਸਗੋਂ ਉਹਨਾਂ ਦਾ ਅਜੋਕਾ ਰਾਜ-ਪੱਖੀ ਰੋਲ, ਉਹਨਾਂ ਦੀ ਅਜੋਕੀ ਲੋਕ-ਦੁਸ਼ਮਣ ਸਿਆਸਤ ਹੈ। ਕਿਸ ਦੀ ਪਿਛਲੀ ਜ਼ਿੰਦਗੀ ਕਿੰਨੀ ਵੀ ਸ਼ਾਨਦਾਰ ਕਿਉਂ ਨਾ ਰਹੀ ਹੋਵੇ, ਪਰ ਜੇਕਰ ਉਹ ਕਿਸੇ ਵੀ ਮੌਕੇ ਨੰਗਾ ਚਿੱਟਾ ਲੋਕ-ਦੁਸ਼ਮਣ ਅਤੇ ਪੁਲਸੀ ਮੁਖਬਰਾਂ ਵਾਲਾ ਰੋਲ ਨਿਭਾਉਣਾ ਸ਼ੁਰੂ ਕਰ ਦਿੰਦਾ ਹੈ, ਤਾਂ ਉਸਦਾ ਇਹ ਕਾਲਖ-ਭਰਿਆ ਜੀਵਨ ਉਸਦੀ ਮੌਤ ਨਾਲੋਂ ਵੀ ਵੱਧ ਕੌੜਾ ਹੋ ਨਿਬੜਦਾ ਹੈ। ਪਿਛਲੇ ਦਿਨੀਂ, ਦਰਸ਼ਨ ਸਿੰਘ ਕਨੇਡੀਅਨ ਦੇ ਕਤਲ ਨੂੰ ਇਸੇ ਦ੍ਰਿਸ਼ਟੀ ਤੋਂ ਦੇਖਿਆ ਤੇ ਅੰਗਿਆ ਜਾਣਾ ਚਾਹੀਦਾ ਹੈ। ਦਰਸ਼ਨ ਸਿੰਘ ਕਨੇਡੀਅਨ ਦੇ ਪਿਛਲੇ ਇਨਕਲਾਬੀ ਰੋਲ ਤੇ ਉਸਦੇ ਦਹਾਕਿਆਂ ਲੰਮੇ ਸ਼ਾਨਦਾਰ ਸੰਗਰਾਮੀ ਜੀਵਨ ਦੇ ਸਨਮੁੱਖ, ਉਸਦੀ ਇਸ ਜਿਸਮਾਨੀ ਮੌਤ ਨਾਲੋਂ ਵੱਧ ਅਫਸੋਸਨਾਕ, ਉਸਦੀ ਸਿਆਸੀ ਮੌਤ—ਭਾਵ ਉਸਦਾ ਇੱਕ ਲੋਕ-ਦੁਸ਼ਮਣ, ਸੋਧਵਾਦੀ ਸਿਆਸਤ ਦੇ ਰਾਹ ਚੜ੍ਹ ਜਾਣਾ ਅਤੇ ਲੋਕਾਂ ਦਾ ਲੜ ਛੱਡਕੇ ਹਾਕਮਾਂ ਨਾਲ ਭਿਆਲੀ ਪੁਗਾਉਣ ਦੇ ਰਾਹ ਤੁਰ ਪੈਣਾ ਸੀ। ਕੁੱਝ ਹਲਕੇ ਕਹਿ ਸਕਦੇ ਤੇ ਕਹਿ ਰਹੇ ਹਨ ਕਿ ਇੱਕ ਸਿਰੜੀ ਘੁਲਾਟੀਏ ਦਾ ਇਸ ਤਰ੍ਹਾਂ 'ਲੋਕ-ਦੁਸ਼ਮਣਾਂ' ਹੱਥੋਂ ਮਾਰਿਆ ਜਾਣਾ ਬੇਹੱਦ ਘਿਨਾਉਣਾ ਤੇ ਅਫਸੋਸਨਾਕ ਹੈ। ਪਰ ਅਸੀਂ ਕਹਿੰਦੇ ਹਾਂ ਕਿ ਇੱਕ ਇਨਕਲਾਬੀ ਘੁਲਾਟੀਏ ਦਾ ਰਾਜ-ਹਿਮਾਇਤੀ ਬਣ ਨਿੱਬੜਨਾ ਕਿਤੇ ਜ਼ਿਆਦਾ ਘਿਨਾਉਣਾ ਤੇ ਅਫਸੋਸਨਾਕ ਹੈ।

ਖੈਰ, ਇਥੇ ਹਾਲਾਤ ਦਾ ਵਧੇਰੇ ਅਫਸੋਸਨਾਕ ਤੇ ਚਿੰਤਾਜਨਕ ਪਹਿਲੂ ਸਿੱਖ ਖਾੜਕੂ ਲਹਿਰ ਅੰਦਰ, ਹਰ ਸਿਆਸੀ ਵਿਰੋਧੀ ਨੂੰ ਜਿਸਮਾਨੀ ਤੌਰ 'ਤੇ ਖਤਮ ਕਰ ਸੁੱਟਣ ਦੀ ਸੋਚ ਤੇ ਰੁਚੀ ਦਾ ਜ਼ੋਰ ਫੜਨਾ ਹੈ। ਸਾਥੀ ਬਲਦੇਵ ਸਿੰਘ 'ਮਾਨ' ਨੂੰ ਆਪਣੀਆਂ ਕਾਤਲੀ ਗੋਲੀਆਂ ਦਾ ਨਿਸ਼ਾਨਾ ਬਣਾਉਣਾ, ਸਿੱਖ ਕੱਟੜਪੰਥੀਆਂ ਦੇ ਕੁਝ ਹਿਸਿਆਂ ਅੰਦਰ ਗੰਭੀਰਤਾ ਦੀ ਹੱਦ ਤੱਕ ਵਧ ਚੁੱਕੇ ਫਿਰਕੂ ਫਤੂਰ ਤੇ ਸਿਆਸੀ ਉਜੱਡਪੁਣੇ ਨੂੰ ਪਰਗਟ ਕਰਦਾ ਹੈ। ਬਿਨਾ ਸ਼ੱਕ, ਸਾਥੀ ਬਲਦੇਵ ਸਿੰਘ 'ਮਾਨ' ਤੇ ਉਸਦੀ ਪਾਰਟੀ ਦਾ ਸਿੱਖ ਕੱਟੜਪੰਥੀਆਂ ਨਾਲ ਡੂੰਘਾ ਸਿਆਸੀ ਵਿਰੋਧ ਸੀ। (ਅਤੇ ਭਾਵੇਂ ਅਜੋਕੇ ਪਰਸੰਗ 'ਚ ਇਸ ਪਾਰਟੀ ਦੀ ਸਿਆਸਤ ਇਨਕਲਾਬੀ ਪੈਮਾਨੇ 'ਤੇ ਪੂਰੀ ਨਹੀਂ ਉਤਰਦੀ) ਪਰ ਇਹ ਗੱਲ ਸਾਥੀ ਮਾਨ ਤੇ ਉਸਦੀ ਪਾਰਟੀ ਦੇ ਮਾਣ ਵਿਚ ਜਾਂਦੀ ਹੈ ਕਿ ਉਹਨਾਂ ਨੇ ਇਸ ਸਿਆਸੀ ਵਿਰੋਧ ਤੇ ਭੇੜ ਨੂੰ ਹਮੇਸ਼ਾ ਸਵੱਛ ਰੂਪ 'ਚ ਹੀ ਲਿਆ ਤੇ ਨਜਿੱਠਿਆ ਅਤੇ

ਇਸ ਨੂੰ ਕਦੇ ਵੀ ਉਸ ਬੇਹੂਦਗੀ ਤੱਕ ਨਹੀਂ ਨਿਘਰਨ ਦਿੱਤਾ, ਜਿਸਦੀ ਨੁਮਾਇਸ਼ ਅੱਜ ਕੁੱਝ ਬੇਸਮਝ 'ਇਨਕਲਾਬੀ' ਤਾਕਤਾਂ ਆਪਣੇ ਪ੍ਰਾਪੇਗੰਡੇ ਤੇ ਅਮਲਾਂ ਦੇ ਰੂਪ 'ਚ ਲਾ ਰਹੀਆਂ ਹਨ। ਹੁਣ ਵੀ, ਬੇਸ਼ੱਕ ਸਾਥੀ ਮਾਨ ਦਾ ਇਹ ਬੇਰਹਿਮ ਕਤਲ ਇਕ ਬੇਹੱਦ ਭੜਕਾਊ ਕਾਰਵਾਈ ਹੈ, ਅਤੇ ਨਕਾਰੀ ਸਿਆਸਤ ਆਸਰੇ ਆਪਣੀ ਹੋਂਦ ਜਾਰੀ ਰੱਖ ਰਹੀਆਂ ਕੁੱਝ ਨਾਮ-ਨਿਹਾਦ 'ਇਨਕਲਾਬੀ' ਤਾਕਤਾਂ ਇਸ ਮੰਦਭਾਗੀ ਘਟਨਾ ਨੂੰ ਆਪਣੇ ਸਿਆਸੀ ਹਿਤਾਂ ਦੀ ਪੂਰਤੀ ਲਈ ਵਰਤਣ ਦੇ ਭਰਪੂਰ ਯਤਨ ਕਰਨਗੀਆਂ [ਅਤੇ ਕੁੱਝ ਲੋਕ-ਦੁਸ਼ਮਣ ਸਿਆਸੀ ਤਾਕਤਾਂ ਵੱਲੋਂ ਅਜਿਹੇ ਬਦਨੀਤ ਯਤਨ ਸਾਹਮਣੇ ਆ ਵੀ ਰਹੇ ਹਨ। ਬੀ. ਜੇ. ਪੀ. ਦੇ ਅਡਵਾਨੀ ਵਰਗੇ ਬਦਨਾਮ ਫਿਰਕਾਪ੍ਰਸਤ ਸਿਆਸੀ ਘਾਗਾਂ ਤੇ 'ਇੰਡੀਅਨ ਐਕਸਪ੍ਰੈੱਸ' ਦੇ ਬੀ. ਕੇ. ਚੱਮ ਵਰਗੇ ਭ੍ਰਿਸ਼ਟ ਪੱਤਰਕਾਰਾਂ ਦੇ ਬਿਆਨ ਤੇ ਟਿੱਪਣੀਆਂ ਇਸ ਗੱਲ ਦਾ ਸੰਕੇਤ ਹਨ ਕਿ ਉਹ ਆਪਣੇ ਫਿਰਕੂ ਸੁਆਰਥਾਂ ਦੀ ਪੂਰਤੀ ਲਈ, ਸਿਖ ਖਾੜਕੂਆਂ ਤੇ ਇਨਕਲਾਬੀ ਕਮਿਊਨਿਸਟਾਂ ਨੂੰ ਆਪਸੀ ਹਥਿਆਰਬੰਦ ਟੱਕਰ 'ਚ ਉਲਝਾਉਣ ਲਈ ਲਲਚਾਵੀਂ ਸ਼ਹਿ ਲਾਈ ਬੈਠੀਆਂ ਹਨ]

ਪਰ ਸੂਝਵਾਨ ਇਨਕਲਾਬੀ ਹਲਕਿਆਂ ਨੂੰ ਇਸ ਗੁੰਝਲਦਾਰ ਤੇ ਕਸੂਤੀ ਹਾਲਤ ਦਾ ਮੁਕਾਬਲਾ ਪੂਰੀ ਸਮਝਦਾਰੀ ਤੇ ਤਕੜਾਈ ਨਾਲ ਕਰਨਾ ਚਾਹੀਦਾ ਹੈ, ਮੂਰਖਤਾ ਦਾ ਟਾਕਰਾ ਮੂਰਖਤਾ ਨਾਲ ਕਰਨਾ ਬੇਸਮਝੀ ਹੋਵੇਗੀ। 'ਗੋਲੀ ਦਾ ਜੁਆਬ ਗੋਲੀ' ਵਰਗੇ ਗੈਰ-ਜ਼ੁੰਮੇਵਾਰ ਹੋਕਰੇ ਖਰੀਆਂ ਇਨਕਲਾਬੀ ਤਾਕਤਾਂ ਦੀ ਇਨਕਲਾਬੀ ਸਿਆਸਤ ਨੂੰ ਰਾਸ ਨਹੀਂ ਆ ਸਕਦੇ। ਇਸ ਘਿਨਾਉਣੀ ਹਿੰਸਾ ਦਾ ਬਾਦਲੀਲ ਵਿਰੋਧ ਜਾਰੀ ਰਹਿਣਾ ਚਾਹੀਦਾ ਹੈ—ਪਰ ਏਦੂੰ ਵੱਧ ਜ਼ਰੂਰੀ ਹੈ ਅਮਲੀ ਖੇਤਰ ਅੰਦਰ ਸਿੱਖ ਕੱਟੜਪੰਥੀਆਂ ਹੱਥੋਂ ਘੋਲ ਦੀ ਅਗਵਾਈ ਤੋਂ ਪਹਿਲ ਕਦਮੀ ਖੋਹਣੀ, ਉਹਨਾਂ ਦੀ ਗੈਰ-ਵਿਗਿਆਨਕ, ਤੰਗਨਜ਼ਰ ਸਿਆਸਤ ਨੂੰ ਕੱਟਣੇ, ਖਰੀ ਇਨਕਲਾਬੀ ਸਿਆਸਤ ਦਾ ਝੰਡਾ ਬੁਲੰਦ ਕਰਨਾ ਅਤੇ ਪੰਜਾਬੀ ਲੋਕਾਂ ਦੀ ਆਪਣੀ ਕੌਮੀ ਮੁਕਤੀ ਦੇ ਘੋਲ ਦੌਰਾਨ ਹਕੀਕੀ ਸੰਗਰਾਮੀ ਏਕਤਾ ਸਾਕਾਰ ਕਰਨੀ। ਸਿੱਖ ਕੱਟੜ-ਪੰਥੀਆਂ ਵਿਰੁੱਧ ਏਦੂੰ ਕਾਰਗਰ ਸਿਆਸੀ ਘੋਲ ਹੋਰ ਕੋਈ ਨਹੀਂ ਹੋ ਸਕਦਾ ਅਤੇ ਉਹਨਾਂ ਦੀ ਗਲਤ ਸਿਆਸਤ ਉਤੇ ਏਦੂੰ ਵੱਧ ਕਾਰਗਰ ਹਮਲਾ ਹੋਰ ਕੋਈ ਨਹੀਂ ਹੋ ਸਕਦਾ।

—27 ਸਤੰਬਰ, 1986

---

(ਬਾਕੀ ਸਫਾ 10 ਦੀ)

ਬਹੁਤੀਆਂ ਲਹਿਰਾਂ ਸਿਰਫ ਇਸੇ ਕਰਕੇ ਹੀ ਫੇਲ ਹੋ ਜਾਂਦੀਆਂ ਰਹੀਆਂ ਹਨ ਕਿ ਇਨਕਲਾਬੀਆਂ ਕੋਲੋਂ ਦੁਸ਼ਮਣ ਸਹੀ ਤਰ੍ਹਾਂ ਟਿੱਕ ਨਹੀਂ ਹੁੰਦੇ ਰਹੇ। ਸੋ ਅੱਜ ਸਿੱਖਾਂ ਨੂੰ ਇਹ ਸਪਸ਼ਟ ਐਲਾਨ ਕਰਕੇ ਤੁਰਨਾ ਪਵੇਗਾ ਕਿ ਹਰ ਉਹ ਤਾਕਤ ਜੋ ਉਹਨਾਂ ਦੀ ਜਨਮ ਭੂਮੀ ਦੇ ਕੁਦਰਤੀ ਸਾਧਨਾ ਅਤੇ ਕਿਰਤ ਕਮਾਈ ਨੂੰ ਹੜੱਪ ਰਹੀ ਅਤੇ ਇਸ 'ਤੇ ਬੁਰੀ ਅੱਖ ਰੱਖ ਰਹੀ ਹੈ, ਸਿੱਖਾਂ ਦੀ ਦੁਸ਼ਮਣ ਹੈ। ਅਜਿਹੀ ਤਾਕਤ ਭਾਵੇਂ ਭਾਰਤ 'ਚ ਦਿੱਲੀ ਦਰਬਾਰ ਦੇ ਰੂਪ 'ਚ ਬਿਰਾਜਮਾਨ ਹੋਵੇ ਜਾਂ ਸਰਹੱਦਾਂ ਤੋਂ ਬਾਹਰ। ਇਸ ਪੱਖੋਂ ਦੇਖਿਆ ਦਿੱਲੀ ਦਰਬਾਰ ਅਤੇ ਉਸ ਰਾਹੀਂ ਪੰਜਾਬ ਅੰਦਰ ਕਰਮਸ਼ੀਲ ਵੱਡੀਆਂ ਤਾਕਤਾਂ, ਦੋਵੇਂ ਹੀ ਸਿੱਖਾਂ ਦੀਆਂ ਕੱਟੜ ਦੁਸ਼ਮਣ ਹਨ।......

ਜਿਥੋਂ ਤੱਕ ਸਰਹੱਦੋਂ ਬਾਹਰ ਸੰਗੀ ਲੱਭਣ ਦਾ ਸਵਾਲ ਹੈ ਸਿੱਖਾਂ ਨੂੰ ਇਹ ਗੱਲ ਕਦੇ ਨਹੀਂ ਭੁੱਲਣੀ ਚਾਹੀਦੀ ਕਿ ਪੱਕਾ ਸਾਥ ਸਿਰਫ ਉਸ ਨਾਲ ਹੀ ਨਿਭ ਸਕਦਾ ਹੁੰਦਾ ਹੈ ਜਿਸ ਨਾਲ ਉਦੇਸ਼ਾਂ ਦੀ ਕੋਈ ਸਾਂਝ ਹੋਵੇ। ਜਿਹੜੇ ਲੋਕ ਆਪ ਹੀ ਦਿਨ ਰਾਤ ਆਪਣੇ ਹੀ ਲੋਕਾਂ 'ਤੇ ਵਹਿਸ਼ੀ ਜਬਰ ਢਾਅ ਰਹੇ ਹਨ ਉਹ ਜਬਰ ਖਿਲਾਫ ਜੂਝ ਰਹੇ ਸਿੱਖਾਂ ਦੀ ਹਕੀਕੀ ਮਦਦ ਕਿਵੇਂ ਕਰ ਸਕਦੇ ਹਨ ? ਦੁਨੀਆਂ ਦੀ ਕੋਈ ਅਜਿਹੀ ਕੌਮ ਨਹੀਂ ਜਿਸਦੇ ਖੂਨ ਨਾਲ ਪੱਛਮੀ ਤਾਕਤਾਂ ਨੇ ਆਪਣੇ ਹੱਥ ਨਾ ਰੰਗੇ ਹੋਣ। ਵੀਅਤਨਾਮ, ਕੰਬੋਡੀਆ ਲਾਓਸ, ਗਰੇਨਾਡਾ, ਲਿਬੀਆ ਅੰਦਰ ਅਮਰੀਕੀਆਂ ਵਲੋਂ ਸ਼ਰੇ ਆਮ ਮਚਾਏ ਗਏ ਕਤਲੇਆਮ ਨੂੰ ਕੌਣ ਭੁੱਲਿਆ ਹੋਇਆ ਹੈ ? ਫਿਰ ਉਹਨਾਂ ਵੱਲ ਮਦਦ ਲਈ ਝਾਕਣ ਦੇ ਅਰਥ ਹੀ ਕੀ ਰਹਿ ਜਾਂਦੇ ਹਨ। ਸਵਾਲ ਪੈਦਾ ਹੋ ਸਕਦਾ ਹੈ ਕਿ ਕੀ ਫਿਰ ਭਾਰਤ ਤੋਂ ਬਾਹਰ ਕੋਈ ਸੰਗੀ ਹੈ ਵੀ ਜਾਂ ਨਹੀਂ। ਭਾਰਤ ਦੇ ਬਾਹਰ ਸਿੱਖਾਂ ਦੇ ਸੰਗੀ ਜ਼ਰੂਰ ਹਨ। ਪਰ ਉਹ ਗੱਦੀਆਂ ਤੇ ਬਿਰਾਜਮਾਨ ਨਹੀਂ ਹਨ। ਉਹ ਲਹਿਰਾਂ ਦੇ ਰੂਪ 'ਚ ਵਿਚਰ ਰਹੇ ਹਨ। ਉਹ ਪੀਰੂ ਦੀਆਂ ਪਹਾੜੀਆਂ, ਦੱਖਣੀ ਅਫਰੀਕਾ ਦੀਆਂ ਕਾਲੀਆਂ ਬਸਤੀਆਂ, ਕੰਪੂਚੀਆ ਦੇ ਜੰਗਲਾਂ, ਮੱਧ ਪੂਰਬ ਦੇ ਫਲਸਤੀਨੀ ਕੈਂਪਾਂ 'ਚ ਮਿਲ ਸਕਦੇ ਹਨ। ਅਫਗਾਨਿਸਤਾਨ, ਈਰਾਨ, ਈਰਾਕ, ਤੁਰਕੀ, ਸ੍ਰੀ ਲੰਕਾ, ਬੰਗਲਾ ਦੇਸ਼ ਫਿਲਪਾਇਨ, ਐਲ ਸਲਵਾਡੋਰ ਗੱਲ ਕੀ ਦੁਨੀਆਂ ਦੇ ਹਰ ਮੁਲਕ ਵਿਚ ਜੁਝਾਰੂ ਸਿੱਖਾਂ ਦਾ ਪੂਰੀ ਗਰਮਜੋਸ਼ੀ ਨਾਲ ਹੱਥ ਫੜਨ ਵਾਲੇ ਮਿਲ ਜਾਣਗੇ। ਕੁਝ ਦੇਸ਼ਾਂ ਦੇ ਹਾਕਮ ਕੁਝ ਹਾਲਤਾਂ ਅੰਦਰ ਆਪ-ਣੀਆਂ ਸਿਆਸੀ ਗਰਜ਼ਾਂ ਤਹਿਤ ਸਿੱਖਾਂ ਨੂੰ ਕੁਝ ਮਦਦ ਦੇ ਸਕਦੇ ਹਨ ਪਰ ਅਜਿਹੀ ਮਦਦ ਅੰਤਿਮ ਤੌਰ ਤੇ ਬਹੁਤ ਮਹਿੰਗੀ ਪੈਂਦੀ ਹੁੰਦੀ ਹੈ। ਐਨੀ ਮਹਿੰਗੀ ਕਿ ਸਿੱਖਾਂ ਕੋਲੋਂ ਉਸਦੀ ਕੀਮਤ ਤਾਰੀ ਨਹੀਂ ਜਾਣੀ। ਉਹ ਤਾਂ ਲੱਖਾਂ ਸੂਰ-ਬੀਰਾਂ ਦੇ ਖੂਨ ਨਾਲ ਪ੍ਰਾਪਤ ਕੀਤੀ ਹੋਈ ਅਜ਼ਾਦੀ ਨੂੰ ਹੀ ਮੰਗ ਲੈਂਦੇ ਹਨ। ਵੀਅਤਨਾਮ ਦੀ ਉਦਾਹਰਣ ਸਭ ਦੇ ਸਾਹਮਣੇ ਹੈ। ਜਿਹਨਾਂ ਦੀ ਰੂਸੀ "ਮਦਦ" ਆਸਰੇ ਜਿੱਤੀ ਹੋਈ ਆਜ਼ਾਦੀ ਅਜ ਰੂਸੀ ਸਾਮਰਾਜੀਆਂ ਕੋਲ ਹੀ ਗਹਿਣੇ ਟਿਕ ਕੇ ਰਹਿ ਗਈ ਹੈ। ਸਿੱਖਾਂ ਨੂੰ ਇਸ ਨੁਕਤੇ ਨੂੰ ਚੰਗੀ ਤਰ੍ਹਾਂ ਵਿਚਾਰ ਲੈਣਾ ਚਾਹੀਦਾ ਹੈ।

ਮਾਲਕ ਤੇ ਪ੍ਰਕਾਸ਼ਕ ਮਾਲਵਿੰਦਰ ਸਿੰਘ ਮਾਲੀ ਨੇ ਬਰਜਿੰਦਰਾ ਪ੍ਰਿੰਟਰਜ਼ ਫਗਵਾੜਾ ਗੇਟ ਤੋਂ ਛਪਵਾਕੇ 1 ਏ, ਗੰਡ-ਮਾਰਕੀਟ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

# ਸਾਥੀ ਬਲਦੇਵ ਮਾਨ ਦਾ ਘਿਨਾਉਣਾ ਕਤਲ

ਅੱਜ ਹੀ ਅੰਮ੍ਰਿਤਸਰ ਜ਼ਿਲ੍ਹੇ ਦੇ ਇੱਕ ਨੌਜੁਆਨ ਲੋਕ ਘੁਲਾਟੀਏ, ਸਾਥੀ ਬਲਦੇਵ ਸਿੰਘ 'ਮਾਨ' ਦੇ ਜਨੂੰਨੀ ਹਤਿਆਰਿਆਂ ਹੱਥੋਂ ਬੇਰਹਿਮੀ ਨਾਲ ਕਤਲ ਕੀਤੇ ਜਾਣ ਦੀ ਦੁਖਦਾਈ ਖਬਰ ਮਿਲੀ ਹੈ। ਸਾਥੀ ਬਲਦੇਵ ਸਿੰਘ 'ਮਾਨ' ਉਹਨਾਂ ਨੌਜਵਾਨ ਸਿਰੜੀ ਸੰਗਰਾਮੀਆਂ 'ਚੋਂ' ਇੱਕ ਸੀ ਜਿਹਨਾਂ ਨੇ ਨਕਸਲਬਾੜੀ ਲਹਿਰ ਦੇ ਪਰਭਾਵ ਹੇਠ, ਕਮਿਊਨਿਜ਼ਮ ਦੇ ਰਾਜ਼ ਤੇ ਵਿਚਾਰਧਾਰਾ ਨੂੰ ਅਪਣਾਇਆ ਅਤੇ ਪੰਜਾਬ ਅੰਦਰ ਇਨਕਲਾਬੀ ਜਮਹੂਰੀ ਲਹਿਰ ਦੀ ਉਸਾਰੀ ਵਿੱਚ ਸਿਰ ਕੱਢ ਰੋਲ ਅਦਾ ਕੀਤਾ। ਅਜਿਹੇ ਬਾਰਸੂਖ, ਲੋਕ ਸੰਗਰਾਮੀਏ ਦੇ ਕਤਲ ਉਪਰੰਤ ਇਨਕਲਾਬੀ ਹਲਕਿਆਂ ਅੰਦਰ ਤਿੱਖਾ ਪ੍ਰਤੀਕਰਮ ਪੈਦਾ ਹੋਣਾ ਸੁਭਾਵਕ ਹੈ। ਇਥੇ, ਅਸੀਂ, ਇਸ ਦਰਦਨਾਕ ਘਟਨਾ ਤੇ ਮਸਲੇ ਪ੍ਰਤੀ ਬਹੁਤ ਸੰਖੇਪ 'ਚ ਆਪਣੇ ਵਿਚਾਰ ਪਰਗਟ ਕਰ ਰਹੇ ਹਾਂ।

ਸੁਘੜ ਸਿਆਸੀ ਅਗਵਾਈ ਤੋਂ ਸੱਖਣੀ ਕਿਸੇ ਵੀ ਨਿੱਕ-ਬੁਰਜੂਆ (ਮੱਧ-ਵਰਗ) ਲਹਿਰ ਦਾ ਵਿਗਾੜਾਂ ਤੇ ਕੁਰਾਹਿਆਂ ਦਾ ਸ਼ਿਕਾਰ ਹੋ ਜਾਣਾ ਨਾ ਸਿਰਫ ਸੁਭਾਵਕ ਹੈ, ਸਗੋਂ ਲਾਜ਼ਮੀ ਹੈ। ਜਦ ਇਹ ਲਹਿਰ ਹਕੂਮਤ ਵਿਰੁੱਧ ਹਥਿਆਰਬੰਦ ਟੱਕਰ' ਚ ਉਲਝੀ ਹੋਈ ਹੋਵੇ ਅਤੇ ਇਸ ਨੂੰ ਤਿੱਖੇ ਹਕੂਮਤੀ ਜਬਰ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ, ਤਾਂ ਲਹਿਰ ਦੀਆਂ ਸਫਾਂ ਅੰਦਰ ਕਿਸੇ ਵੀ ਕਿਸਮ ਦੇ ਸਿਆਸੀ ਵਿਰੋਧ ਅਤੇ ਸਿਆਸੀ ਵਿਰੋਧੀਆਂ ਪ੍ਰਤੀ ਤੰਗ ਨਜ਼ਰੀ ਤੇ ਅਸਹਿਣਸ਼ੀਲਤਾ ਇੱਕ ਗੰਭੀਰ ਸਿਆਸੀ ਮਰਜ਼ ਦੇ ਰੂਪ 'ਚ ਆ ਪਰਗਟ ਹੁੰਦੀ ਹੈ। ਇਸੇ ਕਰਕੇ, ਮੱਧਵਰਗ ਦੀ ਅਗਵਾਈ ਹੇਠਲੀਆਂ ਹਥਿਆਰਬੰਦ ਲਹਿਰਾਂ ਅਕਸਰ ਹੀ

(ਬਾਕੀ ਸਫਾ 17 'ਤੇ)

---

## ਭਾਰਤੀ ਘੱਟ ਗਿਣਤੀ ਸਾਂਝਾ ਮੋਰਚਾ, ਪੰਜਾਬ

**(ਮੁੱਖ ਦਫਤਰ : 5, ਨਵੀਂ ਮਾਰਕੀਟ, ਮਾਡਲ ਟਾਊਨ, ਜਲੰਧਰ)**

**ਵਲੋਂ**

# ਭਾਰਤੀ ਘੱਟ ਗਿਣਤੀਆਂ ਦਾ ਸੰਮੇਲਨ

ਕੇਂਦਰੀ ਹਾਕਮਾਂ ਵਲੋਂ ਬ੍ਰਾਹਮਣਵਾਦ ਨੂੰ ਇਕ ਐਸੇ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ, ਜਿਸ ਰਾਹੀਂ ਉਹ ਵੱਖ-ਵੱਖ ਕੌਮੀਅਤਾਂ ਦੀ ਵਖਰੀ ਸਭਿਆਚਾਰਕ ਪਛਾਣ ਅਤੇ ਧਾਰਮਕ ਘੱਟ ਗਿਣਤੀਆਂ ਦੀ ਸੁਤੰਤਰ ਹੋਂਦ ਤੇ ਜੀਊਣ—ਰੀਤ ਨੂੰ ਨਿਗਲ ਕੇ ਹਿੰਦੂਵਾਦ ਵਿਚ ਜਜ਼ਬ ਕਰ ਲੈਣ ਦੀਆਂ ਕੋਝੀਆਂ ਚਾਲਾਂ ਚੱਲੀ ਰਹੇ ਹਨ। ਦਲਿਤਾਂ ਨੂੰ ਜ਼ਲਾਲਤ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਫਿਰਕੂ ਕੇਂਦਰੀ ਹਾਕਮ ਹਿੰਦੂ ਜਨੂੰਨ ਭੜਕਾਉਣ ਰਾਹੀਂ ਹਰ ਹੱਕੀ ਜੱਦੋਜਹਿਦ ਨੂੰ ਫਿਰਕੂ ਟਕਰਾਅ 'ਚ ਬਦਲਣ ਤੇ ਇਹਨਾਂ ਨੂੰ 'ਦੇਸ਼ ਦੀ ਏਕਤਾ ਅਖੰਡਤਾ' ਵਿਰੋਧੀ ਹੋਣ ਦਾ ਠੱਪਾ ਲਾ ਕੇ ਬੱਦੂ ਕਰਨ ਤੇ ਕੁਚਲਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਭਾਰਤ ਅੰਦਰਲੀ ਇਹ ਹਾਲਤ ਸਭਨਾਂ ਸਮਾਜੀ-ਸਿਆਸੀ ਆਗੂਆਂ ਤੇ ਬੁਧਜੀਵੀਆਂ ਤੋਂ ਇਹ ਮੰਗ ਕਰਦੀ ਹੈ ਕਿ ਇਨਾਂ ਮਸਲਿਆਂ ਤੇ ਸਪੱਸ਼ਟ ਤੇ ਨਿੱਖਰਵੀਂ ਸਮਝ ਅਖਤਿਆਰ ਕੀਤੀ ਜਾਵੇ।

ਇਸ ਵਿਸ਼ੇ ਨੂੰ ਲੈ ਕੇ 'ਭਾਰਤੀ ਘੱਟ ਗਿਣਤੀ ਸਾਂਝਾ ਮੋਰਚਾ ਪੰਜਾਬ ਵੱਲੋਂ' ਭਾਰਤੀ ਘੱਟ ਗਿਣਤੀਆਂ ਦਾ ਸੰਮੇਲਨ **9 ਨਵੰਬਰ ਨੂੰ ਰੈਡ ਕਰਾਸ ਭਵਨ, ਲਾਜਪਤ ਨਗਰ ਜਲੰਧਰ ਵਿਖੇ ਸਵੇਰੇ 9 ਵਜੇ ਤੋਂ ਰਾਤ 8 ਵਜੇ ਤਕ** ਕੀਤਾ ਜਾ ਰਿਹਾ ਹੈ। ਦੇਸ਼ ਭਰ ਦੇ ਬੁਧੀਜੀਵੀਆਂ ਨੂੰ ਇਸ ਵਿਚਾਰ ਵਟਾਂਦਰੇ ਵਿਚ ਹਿੱਸਾ ਲੈਣ ਲਈ ਖੁੱਲਾ ਸੱਦਾ ਦਿੱਤਾ ਜਾ ਰਿਹਾ ਹੈ।

## ਮੌਜੂਦਾ ਭਾਰਤੀ ਹਕੂਮਤ ਤੇ ਬ੍ਰਾਹਮਣਵਾਦ ਦਾ ਸਬੰਧ ਕੀ ਹੈ ?

## ਧਾਰਮਿਕ ਘੱਟ ਗਿਣਤੀਆਂ ਅਤੇ ਦਲਿਤ ਕੀ ਕਰਨ ?

ਬੁੱਧੀਜੀਵੀਆਂ, ਸਮਾਜੀ ਤੇ ਸਿਆਸੀ ਆਗੂਆਂ ਨੂੰ ਸੰਮੇਲਨ 'ਚ ਰੱਖੇ ਉਪਰਲੇ ਵਿਸ਼ੇ ਤੇ ਆਪਣੇ ਪਰਚੇ 25 ਅਕਤੂਬਰ ਤਕ ਡਾ: ਜਸਬੀਰ ਸਿੰਘ ਦੁਸਾਂਝ, 5, ਨਵੀਂ ਮਾਰਕੀਟ ਮਾਡਲ ਟਾਊਨ, ਜਲੰਧਰ ਵਿਖੇ ਪਹੁੰਚਦੇ ਕਰਨ ਤੇ ਸੰਮੇਲਨ 'ਚ ਹਿੱਸਾ ਲੈਣ ਦੀ ਅਪੀਲ ਕੀਤੀ ਜਾਂਦੀ ਹੈ।

---

PAIGAM, 1 A, Gole Market,
Milap Road, JALANDHAR 144001.

BOOK POST, PRINTED MATTER
To